ਗੌਰਮਿੰਟ (ਸਟੇਟ) ਕਾਲਜ ਆਫ਼ ਐਜੂਕੇਸ਼ਨ, ਪਟਿਆਲਾ

# ਪ੍ਰਾਸਪੈਕਟਸ

# PROSPECTUS

## 2026-27

ਦਾਖ਼ਲਾ ਬੀ.ਐਡ. | ਐਮ.ਐਡ.



## GOVT. (STATE) COLLEGE OF EDUCATION, PATIALA

NACC Accredited Grade B++,Cycle-III

Visit us at: www.govtstatecollege.com E-mail: gcedupatiala@gmail.com Ph.: 0175-2217587

## ਕਾਲਜ ਧੁਨੀ

ਗੁਰੂ ਬਿਨੁ ਘੋਰੁ ਅੰਧਾਰੁ ਗੁਰੂ ਬਿਨ ਸਮਝ ਨ ਆਵੈ॥
ਗੁਰੂ ਬਿਨੁ ਸੁਰਿਤ ਨ ਸਿਧਿ ਗੁਰੂ ਬਿਨ ਮੁਕਤਿ ਨ ਪਾਵੈ॥
ਗੁਰੂ ਕਰੁ ਸਚੁ ਬੀਚਾਰੁ ਗੁਰੂ ਕਰੁ ਕੇ ਮਨ ਮੇਰੇ॥
ਗੁਰੂ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ॥
ਗੁਰੂ ਨਯਣਿ ਬਯਣਿ ਗੁਰੂ ਗੁਰੂ ਕਰਹੁ ਗੁਰੂ ਸਤਿ ਕਵਿ ਨਲ੍ਯ ਕਹਿ॥
ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ॥

(SSGS, Ang : 1399)

# Our Vision & Mission

**VISION**

- To produce 'The Recognized Leaders' for excellence in all areas.
- To develop a program which is complete in itself.
- To create an atmosphere for educational excellence and equity to learners.
- To strengthen and intensify culture of **'Earn While You Learn'**
- To promote the spirit of teamwork and collaboration among faculty members.
- To keep pace with the global world using latest technology in Teaching Learning Process.
- To enhance efficiency in teaching and to meet the needs of the student community in call domains.

**MISSION**

- The Mission of our college is to produce high quality teachers who have the necessary knowledge, skills, knowhow and interest for effective teaching as well as regard for human and national values.
- We do not just want to excel in education but put that study into practice through teaching, research and service to all the areas as we aim to:-
  - Study and help in solving critical educational issues.
  - Test new and developing ideas and approaches in Teaching-LearningProcess
  - Educate professionals who can facilitate human development in schools, homes, communities and work place and prepare students to face the challenges of life amidst complex and challenging society.



# ਸੰਦੇਸ

ਪਿਆਰੇ ਵਿਦਿਆਰਥੀਓ !

ਸਰਕਾਰੀ (ਸਟੇਟ) ਕਾਲਜ ਆਫ਼ ਐਜੂਕੇਸ਼ਨ, ਪਟਿਆਲਾ ਵਿੱਚ ਦਾਖ਼ਲਾ ਲੈਣ ਆਏ ਸਮੂਹ ਵਿਦਿਆਰਥੀਆਂ ਨੂੰ ਮੈਂ ਆਪਣੇ ਵੱਲੋਂ ਅਤੇ ਕਾਲਜ ਦੇ ਸਮੂਹ ਸਟਾਫ਼ ਵੱਲੋਂ ਹਾਰਦਿਕ ਸੁਆਗਤ ਕਰਦੀ ਹਾਂ। ਤੁਸੀਂ ਜਾਣਦੇ ਹੋ ਕਿ ਬੀ.ਐਡ. ਕਲਾਸ ਵਿੱਚ ਦਾਖ਼ਲੇ ਲਈ ਵਿਦਿਆਰਥੀਆਂ ਨੂੰ Entrance Examd/Dk ਹੁੰਦਾ ਹੈ ਅਤੇ ਐਮ.ਐਡ. ਦੇ ਦਾਖ਼ਲੇ ਮੈਰਿਟ ਦੇ ਆਧਾਰ 'ਤੇ ਹੁੰਦੇ ਹਨ। ਇਸ ਟੈਸਟ ਵਿੱਚੋਂ ਪਾਸ ਹੋਣ ਵਾਲੇ ਅਤੇ ਮੈਰਿਟ ਵਿੱਚ ਆਉਣ ਵਾਲੇ ਜ਼ਿਆਦਾਤਰ ਵਿਦਿਆਰਥੀ ਪੰਜਾਬ ਦੇ ਸੈਂਕੜੇ ਬੀ.ਐਡ. ਅਤੇ ਐਮ.ਐਡ. ਕਾਲਜਾਂ ਨਾਲੋਂ ਇਸ ਕਾਲਜ ਵਿੱਚ ਦਾਖ਼ਲਾ ਲੈਣ ਨੂੰ ਤਰਜੀਹ ਦਿੰਦੇ ਹਨ। ਇਸ ਕਰਕੇ ਇਸ ਕਾਲਜ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਦੀ ਮੈਰਿਟ ਬਹੁਤ ਜ਼ਿਆਦਾ ਹੁੰਦੀ ਹੈ। ਇਸ ਲਈ ਇਸ ਕਾਲਜ ਵਿੱਚ ਮੈਰਿਟ ਦੇ ਆਧਾਰ 'ਤੇ ਚੁਣੇ ਜਾਣ ਲਈ ਕਾਲਜ ਵਿੱਚ ਦਾਖ਼ਲਾ ਲੈਣ 'ਤੇ ਤੁਸੀਂ ਸਾਰੇ ਵਧਾਈ ਦੇ ਪਾਤਰ ਹੋ।

ਮੈਂ ਇਹ ਜਾਣਕਾਰੀ ਸਾਂਝੀ ਕਰਦਿਆਂ ਖੁਸ਼ੀ ਮਹਿਸੂਸ ਕਰਦੀ ਹਾਂ ਕਿ ਇਸ ਸੰਸਥਾ ਦਾ ਬੁਨਿਆਦੀ ਢਾਂਚਾ, ਯੋਗ ਅਧਿਆਪਕ, ਕੁਸ਼ਲ ਪ੍ਰਸ਼ਾਸ਼ਨ, ਲਾਇਬ੍ਰੇਰੀ, ਵਰਚੂਅਲ ਅਤੇ ਸਮਾਰਟ ਕਲਾਸ ਰੂਮ, ਸੈਮੀਨਾਰ ਹਾਲ, ਕਾਨਫ਼ਰੰਸ ਹਾਲ, ਲੈਂਗੁਏਜ਼ ਲੈਬ, ਲੜਕੇ ਅਤੇ ਲੜਕੀਆਂ ਦੇ ਹੋਸਟਲ, ਪ੍ਰਦੂਸ਼ਣ ਰਹਿਤ ਵਾਤਾਵਰਨ ਦੇ ਨਾਲ-ਨਾਲ Red Ribbon Club, NSS Unit, PTA, Alumni ਇਸ ਕਾਲਜ ਦੇ ਸ਼ਲਾਘਾਯੋਗ ਅੰਗ ਹਨ ਇਨ੍ਹਾਂ ਰਾਹੀਂ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰਨ ਦੇ ਨਾਲ-ਨਾਲ ਵਿਦਿਆਰਥੀਆਂ ਵਿੱਚ ਬਹੁਪੱਖੀ ਵਿਕਾਸ, ਵਿਲੱਖਣ ਸੋਚ, ਅਗਾਂਹਵਧੂ ਵਿਚਾਰਧਾਰਾ ਪੈਦਾ ਕਰਕੇ ਸੰਪੂਰਨ ਇਨਸਾਨ ਬਣਾਉਣਾ ਸਾਡੀ ਪ੍ਰਮੁੱਖਤਾ ਹੈ।

ਮੇਰੇ ਵੱਲੋਂ ਤੁਹਾਡੇ ਨਾਲ ਇਹ ਖੁਸ਼ੀ ਵੀ ਸਾਂਝੀ ਕਰਦਿਆਂ ਫ਼ਖਰ ਮਹਿਸੂਸ ਹੋ ਰਿਹਾ ਹੈ ਕਿ ਕਾਲਜ ਵਿੱਚ ਉਪਲਬਧ ਸਹੂਲਤਾਂ ਅਤੇ ਯੋਗ ਅਧਿਆਪਕਾਂ ਦੀ ਰਹਿਨੁਮਾਈ ਕਾਰਣ ਇਸ ਕਾਲਜ ਦੇ ਹੋਣਹਾਰ ਵਿਦਿਆਰਥੀਆਂ ਨੇ ਸੈਸ਼ਨ 2025-26 ਦੌਰਾਨ ਆਪਣੀ ਡਿਗਰੀ ਪੂਰੀ ਕਰਨ ਤੋਂ ਪਹਿਲਾਂ ਹੀ ਇਸ ਕਾਲਜ ਦੇ 167 ਵਿਦਿਆਰਥੀਆਂ ਨੇ PSTET (ਪੰਜਾਬ ਸਟੇਟ ਟੀਚਰ ਇਲਿਜ਼ੀਬਿੱਲਟੀ ਟੈਸਟ) ਅਤੇ 51 ਵਿਦਿਆਰਥੀਆਂ ਨੇ CTET (ਕੰਬਾਇੰਡ ਟੀਚਰ ਇਲਿਜ਼ੀਬਿੱਲਟੀ ਟੈਸਟ) ਪਾਸ ਕਰਕੇ ਆਪਣੇ ਆਪ ਨੂੰ ਅਧਿਆਪਕ ਲੱਗਣ ਦੇ ਯੋਗ ਬਣਾ ਲਿਆ ਹੈ। ਸੋ ਮੈਨੂੰ ਪੂਰਨ ਆਸ ਹੈ ਕਿ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਿੱਦਿਅਕ ਵਰ੍ਹੇ ਦੇ ਵਿਦਿਆਰਥੀ ਵੀ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਕੇ ਇਸ ਸੰਸਥਾ ਅਤੇ ਆਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕਰਨਗੇ। ਇਨ੍ਹਾਂ ਸ਼ਬਦਾਂ ਨਾਲ ਹੀ ਮੈਂ ਆਪ ਸਭ ਨੂੰ ਇਸ ਕਾਲਜ ਵਿੱਚ ਦਾਖ਼ਲੇ ਲਈ ਪ੍ਰਵੇਸ਼ ਕਰਨ 'ਤੇ ਕਾਲਜ ਦੇ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ਼ ਵੱਲੋਂ ਖੁਸ਼ਾਮਦੀਦ ਆਖਦੇ ਹੋਏ ਤੁਹਾਡੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦੀ ਹਾਂ।

ਸ਼ੁਭ ਇੱਛਾਵਾਂ ਸਹਿਤ!

**ਡਾ. ਵਨੀਤਾ ਰਾਣੀ**
ਪ੍ਰਿੰਸੀਪਲ
ਗੌਰਮਿੰਟ ਕਾਲਜ ਆਫ਼ ਐਜੂਕੇਸ਼ਨ,
ਪਟਿਆਲਾ

# ਸੰਖੇਪ ਇਤਿਹਾਸ

ਗੌਰਮਿੰਟਕਾਲਜ ਆਫ਼ ਐਜੂਕੇਸ਼ਨ, ਪਟਿਆਲਾ ਉੱਤਰੀ ਭਾਰਤ ਦੀਟੀਚਰ ਟ੍ਰੇਨਿੰਗ ਦੀ ਇੱਕਨਾਮਵਰ ਸੰਸਥਾ ਹੈ। ਇਸ ਦਾ ਨੀਂਹ ਪੱਥਰ ਪੈਪਸੂ ਸਰਕਾਰ ਦੇ ਮੁੱਖ ਮੰਤਰੀ ਸ੍ਰੀ ਬ੍ਰਿਸ਼ ਭਾਨ ਨੇ 16 ਜੁਲਾਈ, 1955 ਨੂੰ ਰੱਖਿਆ ਅਤੇ ਇਸ ਦੀ ਇਮਾਰਤ ਦਾ ਉਦਘਾਟਨ ਉਸ ਸਮੇਂ ਭਾਰਤ ਸਰਕਾਰ ਦੇ ਗ੍ਰਹਿ ਮੰਤਰੀ ਸ੍ਰੀ ਜੀ.ਬੀ.ਪੰਤ ਨੇ 28 ਸਤੰਬਰ 1956 ਨੂੰ ਕੀਤਾ। ਇਸ ਕਾਲਜ ਦਾ ਵਿਸ਼ਾਲ ਕੈਂਪਸ 41.74 ਏਕੜ ਦੇ ਰਕਬੇ ਵਿੱਚ ਫੈਲਿਆ ਹੋਇਆ ਹੈ। ਕਾਲਜ ਦੀ ਇਮਾਰਤ ਦੇ ਕੁੱਝ ਹਿੱਸੇ ਵਿੱਚ ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ ਹੈ। ਕੁਝ ਹਿੱਸੇ ਵਿੱਚ ਜਗਤ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ ਦੀ ਮੰਗ ਤੇ ਪੰਜਾਬ ਸਰਕਾਰ ਦੇ ਹੁਕਮਾਂ ਮੁਤਾਬਿਕ ਬਿਲਡਿੰਗ ਦੇ ਕੁਝ ਕਮਰੇ ਆਰਜੀ ਤੌਰ ਤੇ ਯੂਨੀਵਰਸਿਟੀ ਨੂੰ ਦਿੱਤੇ ਗਏ ਹਨ ਜੋ ਸੰਸਥਾ ਦੀ ਲੋੜ ਮੁਤਾਬਿਕ ਵਾਪਸ ਲੈ ਲਏ ਜਾਣਗੇ।

ਇਸ ਕਾਲਜ ਵਿੱਚ ਬੀ.ਐਡ. ਅਤੇ ਐਮ.ਐਡ. ਸਮੈਸਟਰ ਸਿੱਖਿਆ ਪ੍ਰਣਾਲੀ ਅਧੀਨ ਦੋ ਸਾਲਾ ਕੋਰਸ ਚੱਲ ਰਹੇ ਹਨ। ਕਾਲਜ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਿਤ ਅਤੇ ਨੈਸ਼ਨਲ ਕੌਂਸਲ ਫਾਰ ਟੀਚਰਜ਼ ਐਜੂਕੇਸ਼ਨਜ਼, ਨਵੀਂ ਦਿੱਲੀ ਦੀ ਸਥਾਈ ਮਾਨਤਾ ਪ੍ਰਾਪਤ ਹੈ। ਸੰਸਥਾ ਯੂ.ਜੀ.ਸੀ. ਦੇ 2F ਅਤੇ 12(B) ਕਾਲਜਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਰਾਸ਼ਟਰੀ ਮੁਲਾਂਕਣ ਅਤੇ ਮਾਨਤਾ ਪ੍ਰੀਸ਼ਦ, ਭਾਰਤ ਸਰਕਾਰ (NAAC) ਦੀ B++ ਗ੍ਰੇਡ ਪ੍ਰਾਪਤ ਸੰਸਥਾ ਹੈ। ਬੀ.ਐਡ. ਕਲਾਸ ਦੇ ਵਿਦਿਆਰਥੀਆਂ ਨੂੰ ਵਿਸ਼ਿਆਂ ਦੇ 28 ਕੰਬੀਨੇਸ਼ਨਜ਼ ਵਿਚੋਂ ਚੋਣ ਕਰਨ ਦੀ ਸਹੂਲਤ ਪ੍ਰਾਪਤ ਹੈ। ਕਾਲਜ ਕੋਲ ਖੇਡ ਮੈਦਾਨ, ਬਾਸਕਿਟ ਬਾਲ ਕੋਰਟ, ਲੜਕੇ ਅਤੇ ਲੜਕੀਆਂ ਲਈ ਵੱਖੋ-ਵੱਖਰੇ ਹੋਸਟਲ, ਫਿਟਨੈੱਸ ਸੈਂਟਰ, ਮਾਡਰਨ ਕੈਫੇਟੇਰੀਆ, ਲਾਇਬ੍ਰੇਰੀ, ਲੜਕੀਆਂ ਦਾ ਕਾਮਨ ਰੂਮ, ਬਸ ਰੇਲਵੇ ਪਾਸ ਦੀ ਸੁਵਿਧਾ, ਫਸਟ ਏਡ ਦੀ ਸਹੂਲਤ, ਕੰਪਿਊਟਰ ਸੈਂਟਰ, ਇੰਟਰਨੈੱਟ ਦੀ ਸੁਵਿਧਾ, ਲੈਂਗੁਏਜ਼ ਲੈਬ, ਸਮਾਰਟ ਕਲਾਸ ਰੂਮਜ਼, ਵਰਚੂਅਲ ਕਲਾਸ ਰੂਮਜ਼ ਅਤੇ ਵੱਖੋ- ਵੱਖਰੇ ਵਿਭਾਗਾਂ ਨਾਲ ਜੁੜੀਆਂ ਲੈਬਜ਼ ਦੀਆਂ ਸਹੂਲਤਾਂ ਉਪਲਬਧ ਹਨ।

ਆਜ਼ਾਦੀ ਉਪਰੰਤ ਸਿੱਖਿਆ ਦੇ ਖੇਤਰ ਨੂੰ ਨਵੀਆਂ ਲੀਹਾਂ ਉਪਰ ਵਿਕਸਿਤ ਕਰਨ ਹਿੱਤ ਸ਼ਾਨਦਾਰ ਸਕੂਲ ਅਧਿਆਪਕਾਂ ਦੀ ਸਿਰਜਨਾ ਕਰਨਾ ਇਸ ਕਾਲਜ ਦਾ ਮੁੱਖ ਟੀਚਾ ਹੈ, ਜਿਸ ਉਪਰ ਪਹਿਰੇਦਾਰੀ ਕਰਦਿਆਂ ਹਜ਼ਾਰਾਂ ਅਧਿਆਪਕਾਂ ਦੀ ਸਿਰਜਣਾ ਕਰਕੇ ਇਸ ਕਾਲਜ ਨੇ ਪੰਜਾਬ ਦੇ ਵਿੱਦਿਅਕ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਪਾਉਣ ਦਾ ਮਾਣ ਹਾਸਲ ਕੀਤਾ ਹੈ। ਇਸ ਕਾਲਜ ਤੋਂ ਪੜ੍ਹੇ ਹੋਏ ਵਿਦਿਆਰਥੀ ਵੱਖ-ਵੱਖ ਸਰਕਾਰੀ ਅਤੇ ਗ਼ੈਰ-ਸਰਕਾਰੀ ਵਿੱਦਿਅਕ ਸੰਸਥਾਵਾਂ ਵਿੱਚ ਬਾਖ਼ੂਬੀ ਸੇਵਾਵਾਂ ਨਿਭਾ ਰਹੇ ਹਨ। ਕਾਲਜ ਦੇ ਮੋਟੋ ਨਿਸ਼ਕਾਮ ਸੇਵਾ ਨੂੰ ਸਾਕਾਰ ਕਰਦਿਆਂ ਹੋਇਆਂ ਵਿਦਿਆਰਥੀਆਂ ਦੀ ਸਰਵਪੱਖੀ ਸ਼ਖਸ਼ੀਅਤ ਦੀ ਉਸਾਰੀ ਕਰਨ ਹਿੱਤ ਅਕਾਦਮਿਕ, ਸਾਹਿਤਕ, ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਂਦਾ ਹੈ।

# ਵਿਸ਼ਾ-ਸੂਚੀ


| ਲੜੀ ਨੰ: | ਵਿਸ਼ਾ | ਪੰਨਾ |
|---|---|---|
| 1. | ਪ੍ਰਮੁੱਖ ਕਮੇਟੀਆਂ | 2 |
| 2. | ਦਾਖ਼ਲੇ ਸੰਬੰਧੀ ਨਿਯਮ ਅਤੇ ਹਦਾਇਤਾਂ, ਦਾਖ਼ਲੇ ਦੀ ਪ੍ਰਕਿਰਿਆ | 4 |
| 3. | ਸਿਲੇਬਸ (ਬੀ.ਐਡ. ਅਤੇ ਐਮ.ਐਡ.) ਲਿੰਕ | 6 |
| 4 | ਰਿਆਇਤਾਂ ਅਤੇ ਵਿਦਿਆਰਥੀ ਮਾਲੀ ਸਹਾਇਤਾ ਫੰਡ | 7 |
| 5. | ਸੈਕਸ਼ਨਾਂ ਦੀ ਵੰਡ, ਕਾਲਜ ਛੱਡਣ ਸੰਬੰਧੀ ਨਿਯਮ, ਛੁੱਟੀ ਸੰਬੰਧੀ ਨਿਯਮ | 8 |
| 6. | ਗੈਰ-ਹਾਜ਼ਰੀ ਜੁਰਮਾਨਾ, ਹਾਜ਼ਰੀ ਤੇ ਘਰੇਲੂ ਪ੍ਰੀਖਿਆਵਾਂ, ਟਿਊਟੋਰੀਅਲ ਸਿਸਟਮ, ਸਵੇਰ-ਸਭਾ | 9-10 |
| 7. | ਅਨੁਸ਼ਾਸ਼ਨ ਕਾਇਮ ਰੱਖਣ ਬਾਰੇ ਨਿਯਮ | 11 |
| 8. | ਹੋਸਟਲ, ਲਾਇਬ੍ਰੇਰੀ, ਕੰਪਿਊਟਰ ਲੈਬ ਅਤੇ ਸਟੇਟ ਕਾਲਜ ਐਲੂਮਨਾਈ ਐਸੋਸੀਏਸ਼ਨ | 12-13 |
| 9. | ਵਿਦਿਆਰਥੀ ਸਭਾਵਾਂ ਤੇ ਕਲੱਬ ਅਤੇ ਹੋਰ ਜਾਣਕਾਰੀ | 14-15 |
| 10. | ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਸੰਬੰਧੀ ਨਿਯਮ | 16-18 |
| 11. | ਫੀਸ, ਫੰਡ, ਯੂਨੀਵਰਸਿਟੀ ਚਾਰਜਿਜ਼ | 18-20 |
| 12. | ਪੰਜਾਬ ਸਰਕਾਰ ਦੁਆਰਾ ਗਜ਼ਟਿਡ ਛੁੱਟੀਆਂ ਦਾ ਵੇਰਵਾ | 21 |
| 13. | ਕਾਲਜ ਕੈਲੰਡਰ | 22 |
| 14. | ਜ਼ਾਅਲੀ ਯੂਨੀਵਰਸਿਟੀਆਂ ਦੀ ਲਿਸਟ | 23 |
| 15. | ਐਂਟੀ ਰੈਗਿੰਗ ਚੇਤਾਵਨੀ | 24 |
| 16. | ਦਾਖ਼ਲਾ ਫਾਰਮ ਅਤੇ ਹੋਰ ਪ੍ਰੋਫਾਰਮਾ | ਅੰਤ ਤੇ |

# ਮੁੱਖ ਕਮੇਟੀਆਂ

**1)ਦਾਖ਼ਲਾ ਕਮੇਟੀਆਂ**

| **ਹੈਲਪ ਡੈਸਕ ਕਮੇਟੀ** | **ਐਮ.ਐਡ** | **ਬੀ.ਐਡ.** | |
|---|---|---|---|
| ਐਮ.ਐਡ. / ਬੀ.ਐਡ. | ਡਾ. ਮਨਪ੍ਰੀਤ ਕੌਰ (ਕਨਵੀਨਰ) | ਅਸਿ. ਪ੍ਰੋ. ਯਸ਼ਪ੍ਰੀਤ ਸਿੰਘ (ਕਨਵੀਨਰ) | |
| ਅਸਿ. ਪ੍ਰੋ. ਜਗਦੇਵ ਸਿੰਘ (9478213110) | ਅਸਿ. ਪ੍ਰੋ. ਜਸਮੀਤ ਸੋਹਲ (9654245027) | ਡਾ. ਹਰਦੀਪ ਕੌਰ ਸੈਣੀ (9876089049) | ਡਾ. ਅਲਕਾ ਧਾਰੀਵਾਲ (8557884878) |
| ਅਸਿ. ਪ੍ਰੋ. ਦਿਕਸ਼ਾ (9877310690) | ਅਸਿ. ਪ੍ਰੋ. ਨਵਦੀਪ ਕੰਬੋਜ਼ (9463554893) | ਡਾ. ਪ੍ਰੀਤੀ ਭਾਟੀਆ (9780685625) | ਅਸਿ. ਪ੍ਰੋ. ਮੂਰਤੀ ਕੌਰ (8725833690) |
| ਡਾ. ਚੇਤਨ ਸ਼ਰਮਾ (7888763805) | ਡਾ. ਰੇਖਾ ਸ਼ਰਮਾ (7986821170) | ਅਸਿ. ਪ੍ਰੋ. ਨਵਨੀਤ ਕੌਰ ਜੇਜੀ (6284477928) | ਡਾ. ਰੁਪਿੰਦਰ ਕੌਰ ਸੋਹੀ (9914002599) |
| ਡਾ. ਯੋਗਿਤਾ ਸਾਰਵਾਲ (9814096980) | | ਡਾ. ਕੁਲਜੀਤ ਕੌਰ (9417459386) | ਡਾ. ਏਕਤਾ ਸ਼ਰਮਾ (6284477928) |

**2) ਹੋਸਟਲ (i) ਲੜਕੇ** — ਅਸਿ. ਪ੍ਰੋ. ਯਸ਼ਪ੍ਰੀਤ ਸਿੰਘ (9464178379)

**(ii) ਲੜਕੀਆਂ** — ਡਾ. ਹਰਦੀਪ ਕੌਰ ਸੈਣੀ (9876089049)

**3) ਪੋਸਟ ਮੈਟ੍ਰਿਕ ਸਕਾਲਰਸ਼ਿਪ ਫ਼ਾਰ SC/OBC**

ਡਾ. ਅਲਕਾ ਧਾਰੀਵਾਲ (8557884878)
ਅਸਿ. ਪ੍ਰੋ. ਮੂਰਤੀ ਕੌਰ (8725833690)
ਡਾ. ਰੁਪਿੰਦਰ ਕੌਰ ਸੋਹੀ (9914002599)
ਡਾ. ਏਕਤਾ ਸ਼ਰਮਾ(6284477928)

**4) ਗਰੀਵੀਐਂਸ ਰਿਡਰੈਸਲ ਸੈੱਲ**

ਅਸਿ. ਪ੍ਰੋ. ਯਸ਼ਪ੍ਰੀਤ ਸਿੰਘ (9464178379)
ਅਸਿ. ਪ੍ਰੋ. ਮਨਪ੍ਰੀਤ ਕੌਰ ਔਲਖ (9915253140)
ਅਸਿ. ਪ੍ਰੋ. ਮੂਰਤੀ ਕੌਰ (8725833690)

**5) ਐਂਟੀ ਰੈਗਿੰਗ ਕਮੇਟੀ**

ਅਸਿ. ਪ੍ਰੋ. ਯਸ਼ਪ੍ਰੀਤ ਸਿੰਘ (9464178379)
ਡਾ. ਹਰਦੀਪ ਕੌਰ ਸੈਣੀ (9876089049)
ਅਸਿ. ਪ੍ਰੋ. ਜਸਮੀਤ ਸੋਹਲ (9654245027)

**6) ਐਂਟੀ ਸੈਕਸ਼ੁਅਲ ਹਰਾਸਮੈਂਟ ਕਮੇਟੀ**

ਡਾ. ਮਨਪ੍ਰੀਤ ਕੌਰ (9855447774)
ਡਾ. ਚੇਤਨ ਸ਼ਰਮਾ (ਲੜਕੇ) (7888763805)
ਡਾ. ਯੋਗਿਤਾ ਸਾਰਵਾਲ (ਲੜਕੀਆਂ) (9814096980)

# ਪ੍ਰਮੁੱਖ ਪ੍ਰਬੰਧਕੀ ਸਹਿਯੋਗੀ

| | |
|---|---|
| ਲੋਕ ਸੂਚਨਾ ਅਫਸਰ | ਪ੍ਰਿੰਸੀਪਲ, ਪ੍ਰੋ. (ਡਾ.) ਵਨੀਤਾ ਰਾਣੀ |
| ਸਹਾਇਕ ਲੋਕ ਸੂਚਨਾ ਅਫਸਰ | ਡਾ. ਮਨਪ੍ਰੀਤ ਕੌਰ (9855447774) |
| ਬਰਸਰ | ਸ੍ਰੀ ਰੁਪਿੰਦਰ ਸਿੰਘ ਲਾਇਬ੍ਰੇਰੀਅਨ (9814743750) |
| ਰਜਿਸਟਰਾਰ (ਗ੍ਰਹਿ ਪ੍ਰੀਖਿਆ), ਐਨ.ਸੀ.ਟੀ.ਈ (ਇੰਚਾਰਜ) | ਅਸਿ.ਪ੍ਰੋ. ਯਸ਼ਪ੍ਰੀਤ ਸਿੰਘ (9464178379) |
| ਸੀਨੀਅਰ ਟਿਊਟਰ | ਡਾ. ਮਨਪ੍ਰੀਤ ਕੌਰ (ਲੜਕੀਆਂ) (9855447774)<br>ਅਸਿ. ਪ੍ਰੋ. ਯਸ਼ਪ੍ਰੀਤ ਸਿੰਘ (ਲੜਕੇ) (9464178379) |
| ਟਾਈਮ ਟੇਬਲ | ਡਾ. ਮਨਪ੍ਰੀਤ ਕੌਰ (9855447774) |
| ਕਾਲਜ ਮੈਗਜ਼ੀਨ | ਡਾ. ਅਲਕਾ ਧਾਰੀਵਾਲ (ਅੰਗਰੇਜ਼ੀ) (8557884878)<br>ਅਸਿ. ਪ੍ਰੋ. ਮੂਰਤੀ ਕੌਰ (ਪੰਜਾਬੀ) (8725833690) |
| ਲਿਟਰੇਰੀ ਸੁਸਾਇਟੀ | ਡਾ. ਅਲਕਾ ਧਾਰੀਵਾਲ (8557884878)<br>ਅਸਿ. ਪ੍ਰੋ. ਮੂਰਤੀ ਕੌਰ (8725833690)<br>ਅਸਿ. ਪ੍ਰੋ. ਨਵਨੀਤ ਕੌਰ ਜੇਜੀ (6284477928) |
| ਸਾਲਾਨਾ ਰਿਪੋਰਟ | ਡਾ. ਅਲਕਾ ਧਾਰੀਵਾਲ (8557884878)<br>ਅਸਿ. ਪ੍ਰੋ. ਮੂਰਤੀ ਕੌਰ (8725833690)<br>ਅਸਿ: ਪ੍ਰੋ. ਨਵਨੀਤ ਕੌਰ ਜੇਜੀ(6284477928) |
| ਨੈਸ਼ਨਲ ਸਰਵਿਸ ਸਕੀਮ (ਐਨ.ਐਸ.ਐਸ) | ਅਸਿ. ਪ੍ਰੋ. ਜਗਦੇਵ ਸਿੰਘ (ਯੂਨਿਟ-1) (9478213110)<br>ਅਸਿ. ਪ੍ਰੋ. ਮੂਰਤੀ ਕੌਰ (ਯੂਨਿਟ-2) (8725833690) |
| ਲੀਗਲ ਲਿਟਰੇਸੀ ਕਲੱਬ, ਰੈਡ ਰਿਬਨ ਕਲੱਬ,<br>ਰੈਡ ਕਰਾਸ ਸੁਸਾਇਟੀ | ਡਾ. ਪ੍ਰੀਤੀ ਭਾਟੀਆ (9780685625)<br>ਡਾ. ਏਕਤਾ ਸ਼ਰਮਾ (6284477928) |
| ਰੂਸਾ (ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ) /<br>ਪੀ.ਐਮ.ਉਸ਼ਾ | ਅਸਿ. ਪ੍ਰੋ. ਯਸ਼ਪ੍ਰੀਤ ਸਿੰਘ (9464178379)<br>ਡਾ. ਹਰਦੀਪ ਕੌਰ ਸੈਣੀ (9876089049)<br>ਡਾ. ਯੋਗਿਤਾ ਸਾਰਵਾਲ (9814096980) |
| ਪਲੇਸਮੈਂਟ ਸੈੱਲ, ਗਾਇਡੈਂਸ ਐਂਡ ਕਾਊਂਸਲਿੰਗ ਸੈੱਲ | ਅਸਿ. ਪ੍ਰੋ. ਯਸ਼ਪ੍ਰੀਤ ਸਿੰਘ (9464178379)<br>ਅਸਿ: ਪ੍ਰੋ. ਨਵਦੀਪ ਕੰਬੋਜ਼ (9463554893) |
| ਨਸ਼ਾ ਮੁਕਤ ਭਾਰਤ ਅਭਿਆਨ | ਡਾ. ਮਨਪ੍ਰੀਤ ਕੌਰ(ਇੰਚਾਰਜ) (9855447774) |
| ਸਹਿ-ਵਿੱਦਿਅਕ ਗਤੀਵਿਧੀਆਂ (ਯੂਥ ਕੋਆਰਡੀਨੇਟਰ) | ਅਸਿ: ਪ੍ਰੋ. ਨਵਨੀਤ ਕੌਰ ਜੇਜੀ (6284477928)<br>ਡਾ. ਰੇਖਾ ਸ਼ਰਮਾ (7986821170) |
| ਪੰਜਾਬ ਸੇਵਾ ਅਧਿਕਾਰ ਐਕਟ, 2011 | ਸ੍ਰੀ ਰੁਪਿੰਦਰ ਸਿੰਘ (ਲਾਇਬ੍ਰੇਰੀਅਨ) (9814743750) |
| ਡੈਪੋ ਇੰਚਾਰਜ | ਅਸਿ. ਪ੍ਰੋ. ਯਸ਼ਪ੍ਰੀਤ ਸਿੰਘ (9464178379)<br>ਡਾ. ਹਰਦੀਪ ਕੌਰ ਸੈਣੀ (9876089049) |
| ਟੀਚਿੰਗ ਪ੍ਰੈਕਟਿਸ ਇੰਚਾਰਜ | ਡਾ. ਮਨਪ੍ਰੀਤ ਕੌਰ (9855447774)<br>ਅਸਿ. ਪ੍ਰੋ. ਨਵਦੀਪ ਕੰਬੋਜ਼ (9463554893) |
| ਪ੍ਰਾਪਰਟੀ ਇੰਚਾਰਜ | ਅਸਿ. ਪ੍ਰੋ. ਦਿਕਸ਼ਾ (9877310690) |
| ਮਾਰਨਿੰਗ ਅਸੈਂਬਲੀ | ਡਾ. ਅਲਕਾ ਧਾਰੀਵਾਲ (8557884878) |
| ਸਵੀਪ / ਈ.ਐਲ.ਸੀ. | ਸ੍ਰੀ ਰੁਪਿੰਦਰ ਸਿੰਘ (ਲਾਇਬ੍ਰੇਰੀਅਨ) (9814743750) |
| ਬਸ ਪਾਸ | ਅਸਿ: ਪ੍ਰੋ. ਜਗਦੇਵ ਸਿੰਘ (9478213110) |

# ਦਾਖ਼ਲੇ ਅਤੇ ਰਿਜ਼ਰਵੇਸ਼ਨ ਪਾਲਿਸੀ

ਬੀ.ਐਡ. ਅਤੇ ਐਮ.ਐਡ. ਦੇ ਦਾਖ਼ਲੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਜਾਰੀ ਕੀਤੀਆਂ ਕਾਊਂਸਲਿੰਗ ਦੀਆਂ ਹਦਾਇਤਾਂ ਅਨੁਸਾਰ ਹੋਵੇਗੀ। ਰਿਜ਼ਰਵੇਸ਼ਨ ਪਾਲਿਸੀ ਪੰਜਾਬ ਸਰਕਾਰ ਦੀਆਂ ਗਾਇਡਲਾਈਨਜ਼ ਅਨੁਸਾਰ ਲਾਗੂ ਹੋਵੇਗੀ।

ਯੂਨੀਵਰਸਿਟੀ ਹਦਾਇਤਾਂ ਅਨੁਸਾਰ ਬੀ.ਐਡ. ਦੀਆਂ ਕਲਾਸਾਂ ਕਾਲਜ ਖੁੱਲਣ ਤੇ Punjabi University, Patiala ਦੀ Counseling Schedule ਤੋਂ ਬਾਅਦ ਸ਼ੁਰੂ ਹੋਣਗੀਆਂ। ਕਾਲਜ ਦੇ ਆਰੰਭ ਹੋਣ ਤੇ ਸਵੇਰੇ 10:00 ਵਜੇ ਕਾਲਜ ਦੇ ਅਪਰ ਲੈਕਚਰ ਥੀਏਟਰ ਵਿੱਚ ਪ੍ਰਿੰਸੀਪਲ ਸਾਹਿਬਾ ਵਿਦਿਆਰਥੀਆਂ ਨੂੰ ਸੰਬੋਧਨ ਕਰਨਗੇ।

| **ਬੀ.ਐਡ.** | **ਐਮ.ਐਡ.** |
|---|---|
| 150 ਸੀਟਾਂ | 50 ਸੀਟਾਂ |
| ਐਡਮਿਸ਼ਨ ਐਂਟਰੈਂਸ ਟੈਸਟ ਦੇ ਆਧਾਰ 'ਤੇ ਹੋਵੇਗੀ | ਮੈਰਿਟ ਦੇ ਆਧਾਰ 'ਤੇ |

# ਕਾਲਜ ਵਿਖੇ ਪੜ੍ਹਾਏ ਜਾਣ ਵਾਲੇ ਅਧਿਆਪਨ ਵਿਸ਼ਿਆਂ ਦਾ ਸੁਮੇਲ

| ਲੜੀ ਨੰ: | ਸਬਜੈਕਟ ਕੰਬੀਨੇਸ਼ਨ | ਲੜੀ ਨੰ: | ਸਬਜੈਕਟ ਕੰਬੀਨੇਸ਼ਨ |
|---|---|---|---|
| 1 | ਕਾਮਰਸ – ਮੈਥੇਮੈਟਿਕਸ | 15 | ਮੈਥੇਮੈਟਿਕਸ – ਲੈਂਗੂਏਜ਼ |
| 2 | ਕਾਮਰਸ – ਇਕਨਾਮਿਕਸ | 16 | ਮੈਥੇਮੈਟਿਕਸ – ਕੰਪਿਊਟਰ |
| 3 | ਕਾਮਰਸ – ਲੈਂਗੂਏਜ਼ | 17 | ਮੈਥੇਮੈਟਿਕਸ – ਫਿਜ਼ੀਕਲ ਸਾਇੰਸ |
| 4 | ਕੰਪਿਊਟਰ – ਮੈਥੇਮੈਟਿਕਸ | 18 | ਮਿਊਜ਼ਿਕ – ਲੈਂਗੂਏਜ਼ |
| 5 | ਕੰਪਿਊਟਰ – ਲੈਂਗੂਏਜ਼ | 19 | ਫਿਜ਼ੀਕਲ ਐਜੂਕੇਸ਼ਨ – ਲੈਂਗੂਏਜ਼ |
| 6 | ਇਕਨਾਮਿਕਸ – ਲੈਂਗੂਏਜ਼ | 20 | ਫਿਜ਼ੀਕਲ ਐਜੂਕੇਸ਼ਨ – ਜੋਗਰਫੀ |
| 7 | ਇਕਨਾਮਿਕਸ – ਮੈਥੇਮੈਟਿਕਸ | 21 | ਫਿਜ਼ੀਕਲ ਸਾਇੰਸ – ਲੈਂਗੂਏਜ਼ |
| 8 | ਫਾਈਨ ਆਰਟਸ – ਲੈਂਗੂਏਜ਼ | 22 | ਫਿਜ਼ੀਕਲ ਸਾਇੰਸ – ਮੈਥੇਮੈਟਿਕਸ |
| 9 | ਜੋਗਰਫੀ – ਲੈਂਗੂਏਜ਼ | 23 | ਫਿਜ਼ੀਕਲ ਸਾਇੰਸ – ਲਾਈਫ਼ ਸਾਇੰਸ |
| 10 | ਹੋਮ ਸਾਇੰਸ – ਲੈਂਗੂਏਜ਼ | 24 | ਸਾਇੰਸ – ਕੰਪਿਊਟਰ |
| 11 | ਹੋਮ ਸਾਇੰਸ – ਲਾਈਫ਼ ਸਾਇੰਸ | 25 | ਸਾਇੰਸ – ਲਾਈਫ਼ ਸਾਇੰਸ |
| 12 | ਲੈਂਗੂਏਜ਼ – ਲੈਂਗੂਏਜ਼ | 26 | ਸਾਇੰਸ – ਮੈਥੇਮੈਟਿਕਸ |
| 13 | ਲਾਈਫ਼ ਸਾਇੰਸ – ਲੈਂਗੂਏਜ਼ | 27 | ਸਾਇੰਸ – ਫਿਜ਼ੀਕਲ ਸਾਇੰਸ |
| 14 | ਲਾਈਫ਼ ਸਾਇੰਸ – ਫਿਜ਼ੀਕਲ ਸਾਇੰਸ | 28 | ਸ਼ੋਸ਼ਲ ਸਟੱਡੀਜ਼ – ਲੈਂਗੂਏਜ਼ |

**ਵਿਦਿਆਰਥੀਆਂ ਨੂੰ ਐਂਟਰੈਂਸ ਟੈਸਟ 'ਚੋਂ ਪਾਸ ਹੋਣ 'ਤੇ ਮੇਜਰ ਵਿਸ਼ਾ ਯੂਨੀਵਰਸਿਟੀ ਵੱਲੋਂ ਅਲਾਟ ਕੀਤਾ ਜਾਵੇਗਾ ਅਤੇ ਮੈਰਿਟ ਅਨੁਸਾਰ ਕਾਲਜ ਅਲਾਟ ਹੋਣ ਉਪਰੰਤ ਮਾਈਨਰ ਵਿਸ਼ਾ ਕਾਲਜ ਪੱਧਰ 'ਤੇ ਦਿੱਤਾ ਜਾਵੇਗਾ।**

## ਬੀ.ਐਡ. ਵਿੱਚ ਅਧਿਆਪਨ ਵਿਸ਼ਿਆਂ ਦੀ ਚੋਣ ਲਈ ਹਦਾਇਤਾਂ :

1. **ਬੀ.ਐਡ. ਪ੍ਰੋਗਰਾਮ ਵਿੱਚ ਦਾਖਲਾ ਵਿਸ਼ੇ ਅਧਾਰਤ ਹੈ।** ਦਾਖਲੇ ਦੇ ਸਮੇਂ ਹਰੇਕ ਉਮੀਦਵਾਰ ਦੋ ਅਧਿਆਪਨ ਵਿਸ਼ਿਆਂ ਦੀ ਚੋਣ ਕਰੇਗਾ, ਜਿਨ੍ਹਾਂ ਦਾ ਅਧਿਐਨ ਗ੍ਰੈਜੂਏਸ਼ਨ / ਪੋਸਟ ਗ੍ਰੈਜੂਏਸ਼ਨ ਪੱਧਰ 'ਤੇ ਕੀਤਾ ਗਿਆ ਹੋਵੇ। ਉਮੀਦਵਾਰ ਨੇ ਗ੍ਰੈਜੂਏਸ਼ਨ ਪੱਧਰ 'ਤੇ ਘੱਟੋ-ਘੱਟ ਦੋ ਸਾਲ ਜਾਂ ਮਾਸਟਰ ਪੱਧਰ 'ਤੇ ਦੋ ਸਾਲ ਅਧਿਆਪਨ ਵਿਸ਼ਿਆਂ ਦੇ ਸੁਮੇਲ ਦੇ ਮੁੱਖ ਵਿਸ਼ੇ ਦਾ ਅਧਿਐਨ ਕੀਤਾ ਹੋਣਾ ਚਾਹੀਦਾ ਹੈ। ਮਾਮੂਲੀ ਵਿਸ਼ੇ ਦਾ ਅਧਿਐਨ ਘੱਟੋ- ਘੱਟ ਇੱਕ ਸਾਲ / ਸਮੈਸਟਰ ਲਈ ਕੀਤਾ ਹੋਣਾ ਜ਼ਰੂਰੀ ਹੈ।

2. ਆਨਰਜ਼ ਕੋਰਸ ਕਰਨ ਵਾਲੇ ਉਮੀਦਵਾਰ ਨੂੰ ਉਸ ਮੁੱਖ ਵਿਸ਼ੇ ਦੀ ਚੋਣ ਕਰਨੀ ਚਾਹੀਦੀ ਹੈ ਜਿਸ ਵਿੱਚ ਉਨ੍ਹਾਂ ਨੇ ਆਨਰਜ਼ ਪ੍ਰਾਪਤ ਕੀਤਾ ਹੈ। ਮਾਮੂਲੀ ਵਿਸ਼ੇ ਦਾ ਅਧਿਐਨ ਘੱਟੋ-ਘੱਟ ਇੱਕ ਸਾਲ / ਸਮੈਸਟਰ ਲਈ ਕੀਤਾ ਹੋਣਾ ਚਾਹੀਦਾ ਹੈ।

3. ਜਿਨ੍ਹਾਂ ਉਮੀਦਵਾਰਾਂ ਨੇ ਗ੍ਰੈਜੂਏਸ਼ਨ ਪੱਧਰ 'ਤੇ ਵਾਧੂ ਵਿਸ਼ੇ ਪਾਸ ਕੀਤੇ ਹਨ, ਉਹ ਸਿਰਫ਼ ਉਨ੍ਹਾਂ ਅਧਿਆਪਨ ਵਿਸ਼ਿਆਂ ਦੀ ਚੋਣ ਕਰ ਸਕਦੇ ਹਨ ਜਿਨ੍ਹਾਂ ਦੇ ਅੰਕ ਗ੍ਰੈਜੂਏਸ਼ਨ ਪੱਧਰ 'ਤੇ ਅੰਕਾਂ ਦੀ ਪ੍ਰਤੀਸ਼ਤਤਾ ਦੀ ਗਣਨਾ ਕਰਨ ਲਈ ਧਿਆਨ ਵਿੱਚ ਰੱਖੇ ਗਏ ਹਨ।

4. **ਬੀ.ਕਾਮ./ਬੀ.ਬੀ.ਏ./ਐਮ.ਕਾਮ.** ਗੈਜੂਏਟ/ਪੋਸਟ ਗ੍ਰੈਜੂਏਟ ਦੋ ਅਧਿਆਪਨ ਵਿਸ਼ਿਆਂ ਦੀ ਚੋਣ ਕਰ ਸਕਦੇ ਹਨ। ਇੱਕ ਕਾਮਰਸ ਦਾ ਅਧਿਆਪਨ ਵਿਸ਼ਾ ਹੈ ਅਤੇ ਦੂਜਾ ਇਕਨਾਮਿਕਸ/ਮੈਥ ਕਿਸੇ ਵੀ ਭਾਸ਼ਾ ਦੇ ਅਧਿਆਪਨ ਦਾ ਵਿਸ਼ਾ ਹੋਵੇਗਾ ਭਾਵ ਪੰਜਾਬੀ/ਅੰਗਰੇਜ਼ੀ/ਹਿੰਦੀ ਦਾ ਅਧਿਆਪਨ ਵਿਸ਼ਾ (ਬੀ.ਕਾਮ/ਬੀ.ਬੀ.ਏ./ਗ੍ਰੈਜੂਏਟਾਂ ਨੂੰ ਸਿਰਫ਼ ਕਾਮਰਸ ਸਟ੍ਰੀਮ ਵਿੱਚ ਹੀ ਮੰਨਿਆ ਜਾਵੇਗਾ ਭਾਵੇਂ ਉਨ੍ਹਾਂ ਨੇ ਵਾਧੂ ਆਰਟਸ ਵਿਸ਼ੇ ਪਾਸ ਕੀਤੇ ਹੋਣ ਜਦੋਂ ਤੱਕ ਉਨ੍ਹਾਂ ਨੇ ਆਰਟਸ ਵਿੱਚ ਮਾਸਟਰਜ਼ ਪਾਸ ਨਾ ਕੀਤਾ ਹੋਵੇ।

5. **ਬੀ.ਸੀ.ਏ.** ਗ੍ਰੈਜੂਏਟ ਕੰਪਿਊਟਰ ਸਾਇੰਸ ਦੇ ਅਧਿਆਪਨ ਵਿਸ਼ੇ ਨੂੰ ਇੱਕ ਵਿਸ਼ੇ ਵਜੋਂ ਚੁਣ ਸਕਦਾ ਹੈ। ਦੂਜਾ ਵਿਸ਼ਾ ਗਣਿਤ ਜਾਂ ਕਿਸੇ ਇੱਕ ਭਾਸ਼ਾ (ਪੰਜਾਬੀ/ਅੰਗਰੇਜ਼ੀ/ਹਿੰਦੀ) ਦਾ ਅਧਿਆਪਨ ਵਿਸ਼ਾ ਹੋਵੇਗਾ।

6. **ਬੀ.ਈ./ਬੀ.ਟੈਕ.** ਗੈਜੂਏਟ ਮੈਥ, ਕੰਪਿਊਟਰ ਸਾਇੰਸ, ਸਾਇੰਸ ਜਾਂ ਭਾਸ਼ਾਵਾਂ ਦੇ ਅਧਿਆਪਨ ਵਿਸ਼ੇ ਵਿਚੋਂ ਕਿਸੇ ਵੀ ਦੋ ਵਿਸ਼ਿਆਂ ਦੇ ਸੁਮੇਲ ਦੀ ਚੋਣ ਕਰਨਗੇ।

7. **ਬੀ.ਐਸ.ਸੀ. (ਹੋਮ ਸਾਇੰਸ)** ਗ੍ਰੈਜੂਏਟ, ਦੋ ਅਧਿਆਪਨ ਵਿਸ਼ਿਆਂ ਦੀ ਚੋਣ ਕਰਨਗੇ। ਇੱਕ ਹੈ ਅਧਿਆਪਨ ਵਿਸ਼ਾ ਹੋਮ ਸਾਇੰਸ, ਦੂਜਾ ਗ੍ਰੈਜੂਏਟ ਪੱਤਰ 'ਤੇ ਪੜ੍ਹਿਆ ਜਾਣ ਵਾਲਾ ਵਿਸ਼ਾ ਹੋ ਸਕਦਾ ਹੈ ਜਿਵੇਂ ਕਿ ਸਾਇੰਸ ਜਾਂ ਕੋਈ ਇੱਕ ਭਾਸ਼ਾ (ਪੰਜਾਬੀ/ਅੰਗਰੇਜ਼ੀ/ਹਿੰਦੀ)।

8. **ਬੀ.ਐਸ.ਸੀ. (ਮੈਡੀਕਲ)** ਗ੍ਰੈਜੂਏਟ ਹੇਠ ਲਿਖਿਆਂ ਵਿੱਚੋਂ ਦੋ ਅਧਿਆਪਨ ਵਿਸ਼ਿਆਂ ਦੀ ਚੋਣ ਕਰਨਗੇ (ਏ) ਸਾਇੰਸ/ਲਾਈਫ਼ ਸਾਇੰਸ ਦੀ ਅਧਿਆਪਨ ਵਿਸ਼ਾ (ਬੀ) ਫਿਜ਼ੀਕਲ ਸਾਇੰਸ ਦਾ ਅਧਿਆਪਨ ਵਿਸ਼ਾ (ਸੀ) ਕਿਸੇ ਵੀ ਇੱਕ ਭਾਸ਼ਾ ਦਾ ਅਧਿਆਪਨ ਵਿਸ਼ਾ ਜਿਵੇਂ ਕਿ ਪੰਜਾਬੀ/ਅੰਗਰੇਜ਼ੀ/ਹਿੰਦੀ।

9. **ਬੀ.ਐਸ.ਸੀ.(ਨਾਨ-ਮੈਡੀਕਲ)** ਗ੍ਰੈਜੂਏਟ ਹੇਠ ਲਿਖਿਆਂ ਵਿੱਚੋਂ ਦੋ ਅਧਿਆਪਨ ਵਿਸ਼ਿਆਂ ਦੀ ਚੋਣ ਕਰਨਗੇ (ਏ) ਸਾਇੰਸ/ਫਿਜ਼ੀਕਲ ਸਾਇੰਸ ਦਾ ਅਧਿਆਪਨ ਵਿਸ਼ਾ (ਬੀ) ਮੈਥ/ਕੰਪਿਊਟਰ ਸਾਇੰਸ ਦਾ ਅਧਿਆਪਨ ਵਿਸ਼ਾ (ਸੀ) ਕਿਸੇ ਵੀ ਇੱਕ ਭਾਸ਼ਾ ਦਾ ਅਧਿਆਪਨ ਵਿਸ਼ਾ ਜਿਵੇਂ ਕਿ ਪੰਜਾਬੀ/ਅੰਗਰੇਜ਼ੀ/ਹਿੰਦੀ।

10. ਫਾਈਨ ਆਰਟਸ / ਸੰਗੀਤ / ਕੰਪਿਊਟਰ ਸਾਇੰਸ /ਹੋਮ ਸਾਇੰਸ / ਫਿਜ਼ੀਕਲ ਐਜੂਕੇਸ਼ਨ / ਮੈਥ / ਅੰਕੜਾ / ਗਿਣਨਾਤਮਿਕ ਤਕਨੀਕਾਂ ਵਾਲੇ ਗ੍ਰੈਜੂਏਟ ਕਾਲਜ ਵਿੱਚ ਉਪਲਬਧ ਹੋਰ ਵਿਸ਼ਿਆਂ ਦੇ ਸੁਮੇਲ ਦੇ ਨਾਲ ਇਹਨ੍ਹਾਂ ਵਿੱਚੋਂ ਕਿਸੇ ਵੀ ਵਿਸ਼ੇ ਦੀ ਚੋਣ ਕਰ ਸਕਦੇ ਹਨ।

11. **ਫਾਈਨ ਆਰਟਸ** ਦੀ ਸਿੱਖਿਆ ਉਸ ਉਮੀਦਵਾਰ ਨੂੰ ਦਿੱਤੀ ਜਾਵੇਗੀ ਜਿਸਨੇ ਕਿਸੇ ਮਾਨਤਾ ਪ੍ਰਾਪਤ ਸੰਸਥਾ ਤੋਂ ਫਾਈਨ ਆਰਟਸ / ਪ੍ਰਫਾਰਮਿੰਗ ਆਰਟਸ / ਫੈਸ਼ਨ ਡਿਜ਼ਾਇਨ / ਫੈਸ਼ਨ ਤਕਨਾਲੋਜੀ ਜਾਂ ਡਰਾਇੰਗ ਅਤੇ ਪੇਂਟਿੰਗ ਵਿੱਚ ਡਿਪਲੋਮਾ ਜਾਂ ਆਰਟਸ ਅਤੇ ਕਰਾਫ਼ਟ ਅਧਿਆਪਕ ਦਾ ਕੋਰਸ ਕੀਤਾ ਹੋਵੇ।

12. **ਬੀ.ਏ.ਐਲ.ਐਲ.ਬੀ. / ਬੀ.ਕਾਮ ਐਲ.ਐਲ.ਬੀ.** ਗ੍ਰੈਜੂਏਟ, ਦੋ ਅਧਿਆਪਨ ਵਿਸ਼ਿਆਂ ਦੀ ਚੋਣ ਕਰਨਗੇ ਜੋ ਉਨ੍ਹਾਂ ਨੇ ਕੋਰਸ ਦੌਰਾਨ ਪੜ੍ਹੇ ਹਨ ਘੱਟੋ-ਘੱਟ ਤਿੰਨ ਸਾਲਾਂ ਲਈ ਮੇਜਰ ਅਤੇ ਘੱਟੋ-ਘੱਟ ਇੱਕ ਸਾਲ / ਇੱਕ ਸਮੈਸਟਰ ਲਈ ਮਾਈਨਰ।

13. **ਬੀ.ਐਸ.ਸੀ. (ਖੇਤੀਬਾੜੀ)** ਦੇ ਗ੍ਰੈਜੂਏਟ ਇੱਕ ਵਿਸ਼ੇ ਵਜੋਂ ਖੇਤੀਬਾੜੀ ਅਧਿਆਪਨ ਵਿਸ਼ੇ ਦੀ ਚੋਣ ਕਰਨਗੇ ਅਤੇ ਦੂਜਾ ਵਿਸ਼ਾ ਕਿਸੇ ਵੀ ਵਿਸ਼ੇ ਦਾ ਅਧਿਆਪਨ ਵਿਸ਼ਾ ਹੋਵੇਗਾ।

14. **ਆਰਟਸ ਗ੍ਰੈਜੂਏਟ** ਹੇਠ ਲਿਖੇ (i) ਅਤੇ (ii) ਵਿੱਚੋਂ ਕਿਸੇ ਵੀ ਦੋ ਅਧਿਆਪਨ ਵਿਸ਼ਿਆਂ ਦੀ ਚੋਣ ਕਰ ਸਕਦੇ ਹਨ।

(i) ਸਮਾਜਿਕ ਅਧਿਐਨ / ਇਕਨਾਮਿਕਸ / ਹਿਸਟਰੀ / ਜੋਗਰਫੀ / ਪੁਲੀਟੀਕਲ ਸਾਇੰਸ / ਸਮਾਜ ਸ਼ਾਸਤਰ / ਲੋਕ ਪ੍ਰਸ਼ਾਸਨ / ਫਾਈਨ ਆਰਟਸ / ਫਿਜ਼ੀਕਲ ਸਾਇੰਸ / ਸੰਗੀਤ / ਹੋਮ ਸਾਇੰਸ ਦੀ ਸਿੱਖਿਆ।

(ii) ਕਿਸੇ ਵੀ ਇੱਕ ਭਾਸ਼ਾ ਦਾ ਅਧਿਆਪਨ ਵਿਸ਼ਾ ਜਿਵੇਂ ਕਿ ਪੰਜਾਬੀ, ਅੰਗਰੇਜ਼ੀ, ਹਿੰਦੀ ਬਸ਼ਰਤੇ ਉਮੀਦਵਾਰ ਨੇ ਗ੍ਰੈਜੂਏਸ਼ਨ / ਪੋਸਟ ਗ੍ਰੈਜੂਏਸ਼ਨ ਪੱਧਰ 'ਤੇ ਵਿਸ਼ੇ ਦਾ ਅਧਿਐਨ ਕੀਤਾ ਹੋਵੇ।

ਸਮਾਜਿਕ ਅਧਿਐਨ ਦੀ ਪੜ੍ਹਾਈ ਉਨ੍ਹਾਂ ਗ੍ਰੈਜੂਏਟਾਂ ਦੁਆਰਾ ਚੁਣੀ ਜਾਵੇਗੀ ਜਿਨ੍ਹਾਂ ਨੇ ਬੀ.ਏ. / ਐਮ.ਏ. ਪੱਧਰ 'ਤੇ ਹੇਠ ਲਿਖੇ ਵਿਸ਼ਿਆਂ ਵਿੱਚੋਂ ਕੋਈ ਵੀ ਦੋ ਵਿਸ਼ੇ ਲਏ ਹਨ : (i) ਹਿਸਟਰੀ (ii) ਜੋਗਰਫੀ (iii) ਪੁਲੀਟੀਕਲ ਸਾਇੰਸ (iv) ਸੋਸ਼ਿਆਲੋਜੀ (v) ਇਕਨਾਮਿਕਸ (vi) ਪਬਲਿਕ ਐਡਮਨਿਸਟ੍ਰੇਸ਼ਨ (vii) ਫਿਲਾਸਫ਼ੀ (viii) ਸਾਇਕਾਲੋਜੀ (ix) ਐਜੂਕੇਸ਼ਨ (x) ਡਿਫੈਂਸ਼ ਸਟੱਡੀਜ਼ (xi) ਰਿਲੀਜਸ ਸਟੱਡੀਜ਼ (xii) ਸ਼ੋਸ਼ਲ ਵਰਕ (xiii) ਕਮਿਊਨਿਟੀ ਐਜੂਕੇਸ਼ਨ ਆਦਿ।

**ਨੋਟ:-ਐਂਟਰੈਂਸ ਟੈਸਟ ਕਰਵਾਉਣ ਵਾਲੀ ਯੂਨੀਵਰਸਿਟੀ ਵੱਲੋਂ ਜਾਰੀ ਕੀਤੀਆਂ ਗਈਆਂ ਐਡਮਿਸ਼ਨ ਸੰਬੰਧੀ ਹਦਾਇਤਾਂ ਲਾਗੂ ਹੋਣਗੀਆਂ ਭਾਵ ਉਨ੍ਹਾਂ ਨੂੰ ਮੁੱਖ ਮੰਨਿਆ ਜਾਵੇਗਾ।**

**ਬੀ.ਐਡ ਅਤੇ ਐਮ.ਐਡ ਦੇ ਸਿਲੇਬਸ ਲਈ ਲਿੰਕ**

punjabiuniversity.ac.in/indexSyllabi.aspx

## ਰਿਆਇਤਾਂ, ਵਜੀਫ਼ੇ ਅਤੇ ਵਿਦਿਆਰਥੀ ਸਹਾਇਤਾ ਫੰਡ
## (Concessions, Scholarships and Students AID Fund

- **ਵਿਦਿਆਰਥੀ ਮਾਲੀ ਸਹਾਇਤਾ ਫੰਡ :** ਕਾਲਜ ਦੇ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਕਾਲਜ ਵੱਲੋਂ ਵਿਦਿਆਰਥੀ ਮਾਲੀ ਸਹਾਇਤਾ ਫੰਡ ਵਿਚੋਂ ਮਦਦ ਦਿੱਤੀ ਜਾਂਦੀ ਹੈ।
- **ਸ. ਚੰਦ ਸਿੰਘ ਨੰਬਰਦਾਰ ਯਾਦਗਾਰੀ ਅਵਾਰਡ :** ਅਕਾਦਮਿਕ ਸੈਸ਼ਨ 2023-24 ਤੋਂ ਪ੍ਰਿੰਸੀਪਲ ਪ੍ਰੋ. (ਡਾ.) ਪਰਮਿੰਦਰ ਸਿੰਘ ਜੀ ਵੱਲੋਂ ਆਪਣੇ ਪਿਤਾ ਜੀ ਦੀ ਯਾਦ ਵਿੱਚ ਸ. ਚੰਦ ਸਿੰਘ ਨੰਬਰਦਾਰ ਯਾਦਗਾਰੀ ਅਵਾਰਡ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਅਵਾਰਡ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜੋ ਵਿਦਿਆਰਥੀ ਕੇਂਦਰੀ ਦਾਖ਼ਲਾ ਪ੍ਰੀਖਿਆ ਦੇ ਆਧਾਰ 'ਤੇ ਇਸ ਕਾਲਜ ਵਿੱਚ ਮੈਰਿਟ ਅਨੁਸਾਰ ਪਹਿਲੇ ਸਥਾਨ ਤੇ ਦਾਖ਼ਲਾ ਲਵੇਗਾ।
- ਜੇਕਰ ਸਰਕਾਰੀ ਹੁਕਮਾਂ ਅਨੁਸਾਰ ਐਸ.ਸੀ.ਕੈਟੇਗਰੀ ਨਾਲ ਸੰਬੰਧਿਤ ਵਿਦਿਆਰਥੀਆਂ ਦੀ ਫੀਸ ਮੁਆਫ਼ ਹੁੰਦੀ ਹੈ ਤਾਂ ਦਾਖ਼ਲੇ ਉਪਰੰਤ ਸਾਲਾਨਾ ਆਮਦਨੀ ਦਾ ਸਰਟੀਫਿਕੇਟ ਮੈਜਿਸਟਰੇਟ ਦੁਆਰਾ ਤਸਦੀਕਸ਼ੁਦਾ ਅਤੇ ਨੌਕਰੀਸ਼ੁਦਾ ਨੂੰ ਆਪਣੇ ਵਿਭਾਗ ਤੋਂ ਸੰਬੰਧਿਤ ਸਰਟੀਫਿਕੇਟ ਲਿਆ ਕੇ ਦੇਣਾ ਲਾਜ਼ਮੀ ਹੋਵੇਗਾ ਤਾਂ ਹੀ ਉਸਦੀ ਫੀਸ ਮੁਆਫ਼ ਕੀਤੀ ਜਾਵੇਗੀ। ਜਿਹੜਾ ਵਿਦਿਆਰਥੀ ਇਹ ਦਸਤਾਵੇਜ਼ ਸਮੇਂ ਸਿਰ ਜਮ੍ਹਾਂ ਨਹੀਂ ਕਰਵਾਏਗਾ, ਉਸਨੂੰ ਫੀਸ ਤੋਂ ਛੋਟ ਨਹੀਂ ਮਿਲੇਗੀ।
- ਸਰਕਾਰ ਅਤੇ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਨੂੰ ਉਨ੍ਹਾਂ ਵੱਲੋਂ ਪਾਸ ਕੀਤੇ ਗਏ ਇਮਤਿਹਾਨਾਂ ਦੇ ਆਧਾਰ 'ਤੇ ਮਿਲ ਸਕਣ ਵਾਲੇ ਅਤੇ ਸਰਕਾਰ ਵੱਲੋਂ ਦਿੱਤੇ ਜਾਂਦੇ ਹੋਰ ਵਜੀਫ਼ਿਆਂ ਦੀ ਪ੍ਰਾਪਤੀ ਲਈ ਸਮੇਂ-ਸਮੇਂ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ। ਸਮੇਂ ਸਿਰ ਅਤੇ ਮੁਕੰਮਲ ਅਰਜ਼ੀ ਦੇਣਾ ਵਿਦਿਆਰਥੀ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ। ਵਜੀਫ਼ੇ ਦੀ ਰਾਸ਼ੀ ਸਰਕਾਰ ਦੁਆਰਾ ਮਨਜ਼ੂਰ ਹੋਣ 'ਤੇ ਵਿਦਿਆਰਥੀਆਂ ਦੇ ਅਕਾਊਂਟ ਵਿੱਚ ਸਿੱਧੀ ਜਮ੍ਹਾਂ ਹੋਵੇਗੀ।

### ੳ. ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਜੀਫ਼ੇ
### (Post Matric Scholarship for SC/OBC)

ਐਸ.ਸੀ., ਬੀ.ਸੀ. ਸ਼੍ਰੇਣੀਆਂ ਦੇ ਯੋਗ ਵਿਦਿਆਰਥੀਆਂ ਜਿਨ੍ਹਾਂ ਕੋਲ ਫਰੀਸ਼ਿਪ ਕਾਰਡ ਉਪਲਬਧ ਹੋਵੇ ਲਈ ਪੰਜਾਬ ਸਰਕਾਰ ਦੇ ਪੋਸਟ ਮੈਟ੍ਰਿਕ ਸ਼ਕਾਲਰਸ਼ਿਪ ਦੇ ਪੋਰਟਲ ਮਮਮ।ਬਚਅਹ੍ਲਤਫੀਰ;ਗਤੀਜਬ।ਪਰਡ।ਜਅ 'ਤੇ ਆਨਲਾਈਨ ਅਪਲਾਈ ਕਰਨ ਦੀ ਵਿਵਸਥਾ ਹੈ ਜਿਸ ਦੇ ਲਈ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਹੋਣੀਆਂ ਜ਼ਰੂਰੀ ਹਨ:-

1 ਐਸ.ਸੀ. ਵਿਦਿਆਰਥੀਆਂ ਦੇ ਮਾਪਿਆਂ ਦੀ ਸਾਲਾਨਾ ਆਮਦਨ 2.50 ਲੱਖ ਰੁਪਏ ਤੱਕ ਹੋਵੇ, ਉਨ੍ਹਾਂ ਕੋਲ ਆਪਣੇ ਪਰਿਵਾਰ ਦੀ ਆਮਦਨ ਦਾ ਤਹਿਸੀਲਦਾਰ ਵੱਲੋਂ ਜਾਰੀ ਕੀਤਾ ਆਮਦਨ ਸਰਟੀਫਿਕੇਟ ਹੋਵੇ।

2 ਬੀ.ਸੀ. ਵਿਦਿਆਰਥੀਆਂ ਦੇ ਮਾਪਿਆਂ ਦੀ ਸਾਲਾਨਾ ਆਮਦਨ 1.50 ਲੱਖ ਰੁਪਏ ਤੱਕ ਹੋਵੇ।

3 ਵਿਦਿਆਰਥੀ ਕਿਸੇ ਹੋਰ ਸਕੀਮ ਤਹਿਤ ਸਕਾਲਰਸ਼ਿਪ ਨਾ ਪ੍ਰਾਪਤ ਕਰਦਾ ਹੋਵੇ।

4 ਬੀ.ਸੀ. ਵਿਦਿਆਰਥੀਆਂ ਦੇ ਪਿਛਲੀ ਪ੍ਰੀਖਿਆ ਵਿੱਚ ਘੱਟ ਤੋਂ ਘੱਟ 60% ਅੰਕ ਪ੍ਰਾਪਤ ਕੀਤੇ ਹੋਣ।

5 ਜਿਹੜਾ ਵਿਦਿਆਰਥੀ ਸਕਾਲਰਸ਼ਿਪ ਲੈਂਦਾ ਹੈ ਉਸ ਲਈ ਜ਼ਰੂਰੀ ਹੈ ਕਿ ਉਹ ਆਪਣੀ ਡਿਗਰੀ ਮੁਕੰਮਲ ਕਰੇ। ਡਿਗਰੀ ਪੂਰੀ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਵੱਲੋਂ ਪ੍ਰਾਪਤ ਕੀਤਾ ਗਿਆ ਸਕਾਲਰਸ਼ਿਪ ਉਸ ਦੁਆਰਾ ਵਾਪਸ ਕਰਨਾ ਪਵੇਗਾ।

6 ਵਿਦਿਆਰਥੀ ਨੂੰ ਪੰਜਾਬ ਸਰਕਾਰ ਦੇ ਆਸ਼ੀਰਵਾਦ ਪੋਰਟਲ 'ਤੇ ਆਨਲਾਈਨ ਅਪਲਾਈ ਕਰਨਾ ਲਾਜ਼ਮੀ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਤੋਂ ਪੂਰੀ ਫੀਸ ਵਸੂਲ ਕੀਤੀ ਜਾਵੇਗੀ।

7 ਪੋਸਟਮੈਟ੍ਰਿਕ ਸਕਾਲਰਸ਼ਿਪ ਫਾਰ OBC / EPC/DNT ਵਿਦਿਆਰਥੀਆਂ ਨੂੰ ਪ੍ਰਾਈਮ ਮਨੀਸਟਰਜ਼ ਯੰਗ ਅਚੀਵਰ ਸਕਾਲਰਸ਼ਿਪ ਸਕੀਮ ਫ਼ਾਰ ਵਾਈਬਰੰਟ ਇੰਡੀਆ ਸਕੀਮ ਅਧੀਨ ਉਹ ਵਿਦਿਆਰਥੀ ਲਾਭ ਪ੍ਰਾਪਤ ਕਰ ਸਕਦੇ ਹਨ ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 2.50 ਲੱਖ ਰੁਪਏ ਤੱਕ ਹੋਵੇ।

## ਮੁੱਖ ਮੰਤਰੀ ਵਜੀਫ਼ਾ ਸਕੀਮ (C.M Scholarship Scheme)

ਮੁੱਖ ਮੰਤਰੀ ਵਜੀਫ਼ਾ ਸਕੀਮ ਪੰਜਾਬ ਸਰਕਾਰ ਦੁਆਰਾ ਲਾਗੂ ਕੀਤੀ ਗਈ ਹੈ। ਇਸ ਸਕੀਮ ਦਾ ਲਾਭ ਹਰ ਇੱਕ ਵਿਦਿਆਰਥੀ ਲੈ ਸਕਦਾ ਹੈ। ਇਸ ਸਕੀਮ ਸੰਬੰਧੀ ਯੋਗਤਾਵਾਂ ਦਾ ਮਾਪਦੰਡ / ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-

1 ਇਹ ਸਕਾਲਰਸ਼ਿਪ ਕੇਵਲ ਯੂਨੀਵਰਸਿਟੀ ਪ੍ਰੀਖਿਆ ਫੀਸ ਵਿੱਚ ਹੀ ਦਿੱਤੀ ਜਾਵੇਗੀ।

2 ਪੂਰਬਲੀ ਪ੍ਰੀਖਿਆ ਵਿੱਚ ਆਉਣ ਵਾਲੇ ਨੰਬਰਾਂ (ਘੱਟੋ-ਘੱਟ 60%) ਦੇ ਆਧਾਰ 'ਤੇ ਦਿੱਤੀ ਜਾਵੇਗੀ।

**ਨੋਟ:- ਵਿਦਿਆਰਥੀ ਰਾਜ ਸਰਕਾਰ ਜਾਂ ਕੇਂਦਰ ਸਰਕਾਰ ਦੀ ਕਿਸੇ ਹੋਰ ਸਕੀਮ ਅਧੀਨ ਸਕਾਲਰਸ਼ਿਪ ਨਾ ਲੈ ਰਿਹਾ ਹੋਵੇ।**

## ਸੈਕਸ਼ਨਾਂ ਦੀ ਵੰਡ (Allotement of Section for B.Ed. Class)

ਬੀ.ਐਡ. ਕਲਾਸ ਦੀ ਵੰਡ ਸੈਕਸ਼ਨਾਂ ਵਿੱਚ ਕੀਤੀ ਜਾਂਦੀ ਹੈ। ਰੋਲ ਨੰ: 1 ਨੂੰ ਸੈਕਸ਼ਨ 'ਏ', ਰੋਲ ਨੰ: 2 ਨੂੰ ਸੈਕਸ਼ਨ 'ਬੀ', ਰੋਲ ਨੰ: 3 ਨੂੰ ਸੈਕਸ਼ਨ 'ਸੀ', ਰੋਲ ਨੰ: 4 ਨੂੰ ਸੈਕਸ਼ਨ 'ਡੀ' ਇਸ ਢੰਗ ਨਾਲ ਸਭ ਵਿਦਿਆਰਥੀਆਂ ਨੂੰ ਸੈਕਸ਼ਨ ਅਲਾਟ ਕੀਤੇ ਜਾਂਦੇ ਹਨ ਅਤੇ ਅਲਾਟ ਕੀਤਾ ਗਿਆ ਸੈਕਸ਼ਨ ਬਦਲਿਆ ਨਹੀਂ ਜਾਵੇਗਾ।

## ਕਾਲਜ ਛੱਡਣ ਸੰਬੰਧੀ ਨਿਯਮ (College Leave Rules)

ਜਿਹੜਾ ਵਿਦਿਆਰਥੀ ਕਾਲਜ ਛੱਡਣਾ ਚਾਹੇ, ਉਹ ਪਹਿਲਾਂ ਪ੍ਰਿੰਸੀਪਲ ਸਾਹਿਬ ਨੂੰ ਲਿਖਤੀ ਪ੍ਰਾਰਥਨਾ ਪੱਤਰ ਉਪਰ ਪਿਤਾ ਜਾਂ ਸਰਪ੍ਰਸਤ ਦੇ ਹਸਤਾਖਰ ਕਰਵਾ ਕੇ ਕਾਲਜ ਸੁਪਰਡੈਂਟ ਰਾਹੀਂ ਦੇਵੇਗਾ। ਕਾਲਜ ਛੱਡਣ ਤੋਂ ਪਹਿਲਾਂ ਵਿਦਿਆਰਥੀ ਨੂੰ ਹਰ ਪੱਖੋਂ ਆਪਣਾ "ਨੋ ਡਿਊਜ਼" ਕਲੀਅਰ ਕਰਵਾਉਣਾ ਪਵੇਗਾ ਅਤੇ ਕਾਲਜ ਵੱਲੋਂ ਸਿਕਿਊਰਿਟੀ ਤੋਂ ਇਲਾਵਾ ਹੋਰ ਕੋਈ ਰਕਮ ਵਾਪਸ ਨਹੀਂ ਕੀਤੀ ਜਾਵੇਗੀ।

## ਛੁੱਟੀ ਸੰਬੰਧੀ ਨਿਯਮ : (Rules Regarding Leaves)

1 ਹਰ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਉਹ ਛੁੱਟੀ ਜਾਣ ਤੋਂ ਪਹਿਲਾਂ ਛੁੱਟੀ ਦੀ ਮਨਜ਼ੂਰੀ ਟਿਊਟਰ ਤੋਂ ਸਿਫ਼ਾਰਿਸ਼ ਕਰਵਾ ਕੇ ਚੀਫ਼ ਟਿਊਟਰ ਤੋਂ ਪ੍ਰਤਿ ਬੇਨਤੀ ਕਰਕੇ ਲਿਖਤੀ ਰੂਪ ਵਿੱਚ ਲਵੇ।

2ੳ) ਜਿਹੜਾ ਵਿਦਿਆਰਥੀ ਦਾਖ਼ਲੇ ਦੀ ਫੀਸ ਜਮ੍ਹਾਂ ਕਰਵਾ ਦਿੰਦਾ ਹੈ ਅਤੇ ਲਗਾਤਾਰ 10 ਰੁਰਗਾਜਅਪ ਨ਼ਖਤ ਕਲਾਸ ਨਹੀਂ ਲਗਾਉਂਦਾ ਤਾਂ ਉਸਦਾ ਨਾਂ ਕੱਟ ਦਿੱਤਾ ਜਾਵੇਗਾ ਅਤੇ ਉਸਦੀ ਸੀਟ ਖਾਲੀ ਮੰਨਦਿਆਂ ਹੋਇਆ ਮੈਰਿਟ ਦੇ ਆਧਾਰ 'ਤੇ ਅਗਲੇ ਉਮੀਦਵਾਰ ਨੂੰ ਦਾਖ਼ਲਾ ਦਿੱਤਾ ਜਾਵੇਗਾ।

ਅ) ਹਰ ਇੱਕ ਵਿਦਿਆਰਥੀ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਆਪਣੀਆਂ ਹਾਜ਼ਰੀਆਂ ਦੇ ਬਾਰੇ ਨਵੰਬਰ ਅਤੇ ਅਪ੍ਰੈਲ ਵਿੱਚ ਜਾਣਕਾਰੀ ਪ੍ਰਾਪਤ ਕਰੇ। ਵਿਦਿਆਰਥੀ ਦੀਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਹਦਾਇਤਾਂ ਅਨੁਸਾਰ 75% ਹਾਜ਼ਰੀਆਂ ਹੋਣੀਆਂ ਲਾਜ਼ਮੀ ਹਨ।

ੲ) ਜੇਕਰ ਯੂਨੀਵਰਸਿਟੀ ਦੁਆਰਾ ਦਰਸਾਈ ਫੀਸ ਦੀ ਅਦਾਇਗੀ ਨਾ ਕੀਤੀ ਗਈ ਤਾਂ ਅਜਿਹੇ ਵਿਦਿਆਰਥੀ ਦਾ ਨਾਮ ਪੱਕੇ ਤੌਰ 'ਤੇ ਕੱਟ ਦਿੱਤਾ ਜਾਵੇਗਾ।

ਸ) ਜੋ ਵਿਦਿਆਰਥੀ ਅਕਾਦਮਿਕ ਸੈਸ਼ਨ ਦੌਰਾਨ ਲਗਾਤਾਰ 10 ਰੁਰਗਾਜਅਪ ਨ਼ਖਤ਼ਗੈਰ-ਹਾਜ਼ਰ ਰਹਿੰਦਾ ਹੇ, ਉਸ ਦਾ ਨਾਮ ਕੱਟ ਦਿੱਤਾ ਜਾਂਦਾ ਹੈ। ਅਜਿਹੇ ਵਿਦਿਆਰਥੀ ਜੇਕਰ ਨਾਂ ਕੱਟਣ ਦੀ ਮਿਤੀ ਤੋਂ ਦੋ ਹਫ਼ਤੇ ਦੇ ਅੰਦਰ-ਅੰਦਰ ਸਥਿਤੀ ਸਪੱਸ਼ਟ ਕਰਦਿਆਂ ਮੁੜ ਦਾਖ਼ਲੇ ਲਈ ਬੇਨਤੀ ਕਰਦੇ ਹਨ ਤਾਂ ਪ੍ਰਿੰਸੀਪਲ ਸਾਹਿਬ ਅਤੇ ਕਾਊਂਸਲ ਮੈਂਬਰ ਕੇਸ ਦਾ ਫ਼ੈਸਲਾ ਕਰਨਗੇ। ਤਿੰਨ ਹਫਤੇ ਦੇ ਸਮੇਂ ਤੋਂ ਬਾਅਦ ਕਿਸੇ ਤਰ੍ਹਾਂ ਵੀ ਰੀ-ਐਡਮਿਸ਼ਨ ਦੀ ਬੇਨਤੀ ਨੂੰ ਪ੍ਰਵਾਨ ਨਹੀਂ ਕੀਤਾ ਜਾਵੇਗਾ।

ਕਾਲਜ ਵੱਲੋਂ ਸੱਭਿਆਚਾਰਕ ਪ੍ਰੋਗਰਾਮਾਂ ਜਾਂ ਖੇਡਾਂ ਦੇ ਸਮਾਗਮਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਇਸ ਮੰਤਵ ਲਈ ਜਾਣ ਤੋਂ ਪਹਿਲਾਂ ਕਲਾਸ ਦੇ ਟਿਊਟਰ/ਐਕਟੀਵਿਟੀ ਇੰਚਾਰਜ ਵੱਲੋਂ ਛੁੱਟੀ ਮਨਜ਼ੂਰ ਕਰਵਾ ਲੈਣ ਤਾਂ ਜੋ ਉਹਨਾਂ ਨੂੰ ਡਿਊਟੀ ਲੀਵ ਦਿੱਤੀ ਜਾਵੇ ਨਹੀਂ ਤਾਂ ਉਸਨੂੰ ਗੈਰ-ਹਾਜ਼ਰ ਸਮਝਿਆ ਜਾਵੇਗਾ।

## ਕਾਲਜ ਤੋਂ ਗ਼ੈਰ ਹਾਜ਼ਰੀ (Absence from College)

ਜੇਕਰ ਕੋਈ ਵਿਦਿਆਰਥੀ ਛੁੱਟੀ ਮਨਜ਼ੂਰ ਕਰਵਾਏ ਬਿਨ੍ਹਾਂ ਕਿਸੇ ਵੀ ਵਿਸ਼ੇ ਵਿੱਚ ਲਗਾਤਾਰ 10 ਵਰਕਿੰਗ ਦਿਨ ਜਾਂ ਲਗਾਤਾਰ 03 ਟਿਊਟੋਰੀਅਲ ਗਰੁੱਪਾਂ ਵਿੱਚ ਗ਼ੈਰ ਹਾਜ਼ਰ ਰਹਿੰਦਾ ਹੈ ਤਾਂ ਉਸ ਦਾ ਨਾਮ ਕਾਲਜ ਵਿਚੋਂ ਕੱਟ ਦਿੱਤਾ ਜਾਵੇਗਾ। ਅਜਿਹੇ ਵਿਦਿਆਰਥੀ ਪ੍ਰਿੰਸੀਪਲ ਦੀ ਆਗਿਆ ਨਾਲ ਦਾਖ਼ਲੇ ਦੀ ਫੀਸ ਦੇ ਕੇ 07 ਦਿਨਾਂ ਦੇ ਅੰਦਰ-ਅੰਦਰ ਦੁਬਾਰਾ ਦਾਖ਼ਲ ਹੋ ਸਕਦੇ ਹਨ। ਦੁਬਾਰਾ ਦਾਖ਼ਲ ਹੋਣ ਦਾ ਕੇਵਲ ਇੱਕੋ ਹੀ ਮੌਕਾ ਦਿੱਤਾ ਜਾਵੇਗਾ। ਅਜਿਹੇ ਵਿਦਿਆਰਥੀਆਂ ਨੂੰ ਨਾਮ ਕੱਟੇ ਸਮੇਂ ਦੌਰਾਨ ਦੀਆਂ ਹਾਜ਼ਰੀਆਂ ਨਹੀਂ ਮਿਲਣਗੀਆਂ।

## ਗ਼ੈਰ-ਹਾਜ਼ਰੀ ਜੁਰਮਾਨਾ (FINE)

1. ਇੱਕ ਪੀਰੀਅਡ ਦੀ ਗ਼ੈਰ-ਹਾਜ਼ਰੀ 50 ਪੈਸੈ।
2. ਦੋ ਪੀਰੀਅਡ ਜਾਂ ਇਸ ਤੋਂ ਵੱਧ ਸਮੇਂ ਦੀ ਗ਼ੈਰ-ਹਾਜ਼ਰੀ 1/- ਰੁਪਇਆ।
3. ਘਰੇਲੂ ਇਮਤਿਹਾਨ ਦੀ ਗ਼ੈਰ-ਹਾਜ਼ਰੀ 5/- ਰੁਪਏ ਪ੍ਰਤੀ ਪੇਪਰ।
4. Tutorials Period ਦੀ ਗ਼ੈਰ-ਹਾਜ਼ਰੀ 5/- ਰੁਪਏ ਪ੍ਰਤੀ ਪੀਰੀਅਡ।

## ਹਾਜ਼ਰੀ ਤੇ ਘਰੇਲੂ ਪ੍ਰੀਖਿਆਵਾਂ (Attendance and Mid Semester Test)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਿਯਮਾਂ ਅਨੁਸਾਰ ਹਰ ਵਿਸ਼ੇ/ਪੇਪਰ ਵਿਚ 75% ਹਾਜ਼ਰੀਆਂ ਹੋਣੀਆਂ ਲਾਜ਼ਮੀ ਹਨ। ਦੋ ਘਰੇਲੂ ਪ੍ਰੀਖਿਆਵਾਂ ਪ੍ਰਤੀ ਸਮੈਸਟਰ ਵਿੱਚ ਬੈਠਣਾ ਲਾਜ਼ਮੀ ਹੈ ਅਤੇ ਪਾਤਰਤਾ ਲਈ ਹਰ ਵਿਸ਼ੇ ਵਿਚੋਂ ਘੱਟੋ ਘੱਟ 20% ਅੰਕ ਲੈਣੇ ਜ਼ਰੂਰੀ ਹਨ। ਪੰਜਾਬੀ ਯੂਨੀਵਰਸਿਟੀ ਤੋਂ ਇਲਾਵਾ ਹੋਰ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਦਾਖ਼ਲੇ ਉਪਰੰਤ ਇੱਕ ਮਹੀਨੇ ਦੇ ਅੰਦਰ-ਅੰਦਰ ਮਾਈਗ੍ਰੇਸ਼ਨ ਸਰਟੀਫਿਕੇਟ ਵੀ ਜਮ੍ਹਾਂ ਕਰਵਾਉਣਾ ਲਾਜ਼ਮੀ ਹੈ। ਯੂਨੀਵਰਸਿਟੀ ਵੱਲੋਂ ਆਪ ਦੀ ਯੋਗਤਾ ਨਿਰਧਾਰਿਤ ਕਰਨ 'ਤੇ ਬੀ.ਏ/ਬੀ.ਐਸ.ਸੀ., ਐਮ.ਏ./ਐਮ.ਐਸ.ਸੀ. ਦੇ ਅਸਲ ਸਰਟੀਫਿਕੇਟ ਆਪ ਨੂੰ ਵਾਪਸ ਕਰ ਦਿੱਤੇ ਜਾਣਗੇ। ਨੋਟ:-ਵਿਦਿਆਰਥੀ ਲਈ ਹਰ ਸਮੈਸਟਰ ਵਿੱਚ ਸਮੈਸਟਰ ਪ੍ਰਣਾਲੀ ਅਧੀਨ ਯੂਨੀਵਰਸਿਟੀ ਪ੍ਰੀਖਿਆ ਫਾਰਮ ਭਰਨੇ ਲਾਜ਼ਮੀ ਹਨ। ਇਹਨਾਂ ਫਾਰਮਾਂ ਨੂੰ ਭਰਨ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ।

## ਟਿਊਟੋਰੀਅਲ ਸਿਸਟਮ (Tutorial System/Mentor/Mentee)

ਹਰ ਵਿਦਿਆਰਥੀ ਨੂੰ, ਜਦੋਂ ਉਹ ਕਾਲਜ ਵਿੱਚ ਦਾਖ਼ਲ ਹੁੰਦਾ ਹੈ, ਕਿਸੇ ਨਾ ਕਿਸੇ ਟਿਊਟੋਰੀਅਲ ਗਰੁੱਪ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਇੰਚਾਰਜ ਅਧਿਆਪਕਾਂ ਰਾਹੀਂ ਨਿੱਜੀ ਤੌਰ 'ਤੇ ਵਿਦਿਆਰਥੀ ਨੂੰ ਸਹੀ ਅਗਵਾਈ ਤੇ ਸਲਾਹ ਦੇਣ ਦੇ ਦ੍ਰਿਸ਼ਟੀਕੋਣ ਤੋਂ ਟਿਊਟੋਰੀਅਲ ਪ੍ਰਬੰਧ ਭਰਪੂਰ ਸਹਾਈ ਹੁੰਦਾ ਹੈ। ਹਰੇਕ ਵਿਦਿਆਰਥੀ ਲਈ ਸਮੇਂ-ਸਮੇਂ ਤੇ ਲੱਗਣ ਵਾਲੇ ਇਹਨਾਂ ਟਿਊਟੋਰੀਅਲ ਪੀਰੀਅਡਾਂ ਵਿੱਚ ਹਾਜ਼ਰ ਹੋਣਾ ਲਾਜ਼ਮੀ ਹੋਵੇਗਾ।

## ਸਵੇਰ-ਸਭਾ (Morning Assembly)

ਵਿਦਿਆਰਥੀ ਦੇ ਵੱਖ ਵੱਖ ਗੁਣਾਂ ਨੂੰ ਵਿਕਸਿਤ ਕਰਨ ਹਿੱਤ ਸੈਕਸ਼ਨ ਦੀ ਤਰਤੀਬ ਵਿੱਚ ਹਫ਼ਤੇ ਦੇ ਹਰੇਕ ਦੂਸਰੇ ਕੰਮ-ਕਾਜ ਵਾਲੇ ਦਿਨ ਸਵੇਰ ਸਭਾ ਆਯੋਜਿਤ ਕੀਤੀ ਜਾਂਦੀ ਹੈ, ਜਿਸ ਵਿੱਚ ਸਾਰੇ ਸਟਾਫ਼ ਮੈਂਬਰਾਂ ਦਾ ਅਤੇ ਸਾਰੇ ਵਿਦਿਆਰਥੀਆਂ ਦਾ ਹਾਜ਼ਰ ਹੋਣਾ ਲਾਜ਼ਮੀ ਹੈ। ਸਵੇਰ ਦੀ ਸਭਾ ਦੇ ਦਿਨ ਸਾਰੇ ਵਿਦਿਆਰਥੀਆਂ ਲਈ ਵਰਦੀ ਲਾਜ਼ਮੀ ਹੈ ਜਿਸ ਦੇ ਵਿੱਚ ਲੜਕਿਆਂ ਦੇ ਲਈ ਕਾਲੀ ਪੈਂਟ ਅਤੇ ਚਿੱਟੀ ਕਮੀਜ਼ ਤੇ ਲੜਕੀਆਂ ਦੇ ਲਈ ਚਿੱਟੇ ਰੰਗ ਦਾ ਸੂਟ ਤੇ ਸੈਕਸ਼ਨ ਦੀ ਤਰਤੀਬ ਅਨੁਸਾਰ ਅਲੱਗ-ਅਲੱਗ ਰੰਗ ਦੇ ਦੁਪੱਟੇ ਪਹਿਨਣੇ ਹੋਣਗੇ।

# ਅਨੁਸ਼ਾਸ਼ਨ ਕਾਇਮ ਰੱਖਣ ਬਾਰੇ ਨਿਯਮ
# (RULES REGARDING DISCIPLINE)

1 ਜੇਕਰ ਕੋਈ ਵਿਦਿਆਰਥੀ ਕਾਲਜ ਵਿੱਚ ਅਨੁਸ਼ਾਸ਼ਨ ਭੰਗ ਕਰਨ ਲਈ ਗੁੱਟਬੰਦੀ ਕਰਦਾ ਹੈ ਤਾਂ ਉਸਦੇ ਮਾਪਿਆਂ ਨੂੰ ਸੂਚਿਤ ਕੀਤਾ ਜਾਵੇਗਾ ਅਤੇ ਉਸ ’ਤੇ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ ਅਤੇ ਉਸਦੇ ਆਚਰਣ-ਪੱਤਰ ਵਿੱਚ ਇਸ ਸੰਬੰਧੀ ਇੰਦਰਾਜ ਦਰਜ ਕੀਤਾ ਜਾ ਸਕਦਾ ਹੈ।

2 ਜੇਕਰ ਕੋਈ ਵਿਦਿਆਰਥੀ ਅਨੁਸ਼ਾਸ਼ਨ ਭੰਗ ਕਰਦਾ ਹੈ ਤਾਂ ਉਸਨੂੰ ਕਾਲਜ ਅਤੇ ਹੋਸਟਲ ਵਿੱਚੋਂ ਕੱਢ ਦਿੱਤਾ ਜਾਵੇਗਾ।

3 ਉਹ ਵਿਦਿਆਰਥੀ ਜੋ ਕਾਲਜ ਜਾਂ ਹੋਸਟਲ ਵਿੱਚ ਰੈਗਿੰਗ ਅਤੇ ਸਮਾਜ ਵਿਰੋਧੀ ਕੰਮ ਕਰਨ ਜਾਂ ਕਾਲਜ/ਹੋਸਟਲ ਸੰਪਤੀ ਨੂੰ ਖਰਾਬ ਕਰਨਗੇ ਤਾਂ ਭੰਨਣ/ਤੋੜਨਗੇ ਜਾਂ ਕਿਸੇ ਤਰ੍ਹਾਂ ਦਾ ਨਸ਼ਾ ਕਰਨਗੇ ਤਾਂ ਉਨ੍ਹਾਂ ਵਿਰੁੱਧ ਸਖ਼ਤ ਪ੍ਰਸ਼ਾਸ਼ਨਿਕ ਕਾਰਵਾਈ ਕੀਤੀ ਜਾਵੇਗੀ। ਕਾਲਜ/ਲੈਬ ਵਿੱਚ ਕਿਸੇ ਵੀ ਸਰਕਾਰੀ ਸਮਾਨ ਦੀ ਭੰਨ-ਤੋੜ ਕਰਨ ਵਾਲੇ ਵਿਦਿਆਰਥੀ ਦੇ ਖਿਲਾਫ਼ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ ਅਤੇ ਉਸਨੂੰ 1000/- ਰੁਪਏ ਹਰਜਾਨਾ ਭਰਨਾ ਪਵੇਗਾ।

4 ਕਲਾਸਵਿੱਚ ਮੋਬਾਇਲ ਫੋਨ ਦੀ ਵਰਤੋਂ ਕਰਨੀ ਸਖ਼ਤ ਮਨ੍ਹਾ ਹੈ।

5 ਵਿਦਿਆਰਥੀਆਂ ਦਾ ਪਹਿਰਾਵਾ ਅਧਿਆਪਨ ਕਿੱਤੇ ਦੇ ਅਨੁਸਾਰ ਢੁਕਵਾਂ ਹੋਣਾ ਲਾਜ਼ਮੀ ਹੈ।

6 ਦਾਖ਼ਲਾ ਮਿਲਣ ’ਤੇ ਇਸ ਦਾਖਲਾ ਪੁਸਤਿਕਾ ਵਿੱਚ ਦਰਜ ਜ਼ਰੂਰੀ ਸੂਚਨਾ ਕਾਰਨ ਇਸ ਨੂੰ ਅਕਾਦਮਿਕ ਸੈਸ਼ਨ ਦੀ ਸਮਾਪਤੀ ਤੱਕ ਸੰਭਾਲ ਕੇ ਰੱਖਿਆ ਜਾਵੇ।

7 ਦਫ਼ਤਰ ਵਿੱਚ ਜਮ੍ਹਾਂ ਕਰਵਾਈ ਰਕਮ/ਰਾਸ਼ੀ ਦੀ ਰਸੀਦ ਜ਼ਰੂਰ ਲੈ ਲਈ ਜਾਵੇ।

8 ਪ੍ਰਾਸਪੈਕਟਸ ਛੱਪਣ ਤੋਂ ਬਾਅਦ ਜੇਕਰ ਕੋਈ ਨਵੀਆਂ ਹਦਾਇਤਾਂ ਯੂਨੀਵਰਸਿਟੀ/ਐਨ.ਸੀ.ਟੀ.ਈ./ਸਰਕਾਰ ਵੱਲੋਂ ਜਾਰੀ ਹੁੰਦੀਆਂ ਹਨ ਤਾਂ ਉਹ ਵੀ ਲਾਗੂ ਸਮਝੀਆਂ ਜਾਣਗੀਆਂ।

9 ਕਾਲਜ ਕੈਂਪਸ ਨੂੰ ਸਾਫ਼ ਰੱਖਣਾ ਹਰ ਵਿਦਿਆਰਥੀ ਦਾ ਫਰਜ਼ ਹੈ।

10 ਨੋਟਿਸ ਬੋਰਡ ਹਰ ਰੋਜ਼ ਪੜ੍ਹਿਆ ਜਾਵੇ।

11 ਵਿਦਿਆਰਥੀ ਆਪਣੇ ਨਾਲ ਕਿਸੇ ਅਜਿਹੇ ਲੜਕੇ/ਲੜਕੀ ਨੂੰ ਕਾਲਜ ਵਿੱਚ ਲੈ ਕੇ ਨਹੀਂ ਆਉਣਗੇ, ਜੋ ਕਾਲਜ ਦਾ ਵਿਦਿਆਰਥੀ ਨਹੀਂ ਹੈ।

12 ਵਿਦਿਆਰਥੀ ਦਾ ਲਾਇਬ੍ਰੇਰੀ-ਕਮ-ਸ਼ਨਾਖਤੀ ਕਾਰਡ ਤੋਂ ਬਿਨਾਂ ਕਾਲਜ ਵਿੱਚ ਦਾਖ਼ਲ ਹੋਣਾ ਮਨ੍ਹਾ ਹੈ।

13 ਕਾਲਜ ਬੰਦ ਹੋਣ ਉਪਰੰਤ ਕਿਸੇ ਵੀ ਵਿਦਿਆਰਥੀ/ਵਿਦਿਆਰਥਣ ਨੂੰ ਕਾਲਜ ਕੈਂਪਸ ਵਿੱਚ ਕਾਲਜ ਸਮੇਂ ਤੋਂ ਬਾਅਦ ਰੁਕਣ ਦੀ ਆਗਿਆ ਨਹੀਂ ਹੈ।

14 ਕਾਲਜ ਵਿੱਚ ਨਸ਼ਾ ਕਰਨ ਵਾਲੇ ਵਿਦਿਆਰਥੀ ਉਪਰ ਅਨੁਸ਼ਾਸ਼ਨੀ ਕਾਰਵਾਈ ਕਰਦੇ ਹੋਏ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ।

15 ਕਾਲਜ ਵਿੱਚ ਕਿਸੇ ਤਰ੍ਹਾਂ ਦੀ ਕੋਈ ਮੁੱਲਵਾਨ ਵਸਤੂ, ਗ਼ੈਰ-ਕਾਨੂੰਨੀ ਵਸਤੂ (ਤਿੱਖੀ, ਨੁਕੀਲੀ ਵਸਤੂ, ਹਥਿਆਰ ਅਤੇ ਅਸਲਾ ਆਦਿ) ਆਪਣੇ ਨਾਲ ਲਿਆਉਣ ਦੀ ਸਖ਼ਤ ਮਨਾਹੀ ਹੈ।

16 ਸਾਈਕਲ/ਸਕੂਟਰ ਪਾਰਕਿੰਗ ਵਾਲੀ ਥਾਂ ’ਤੇ ਖੜਾ ਕਰਕੇ ਤਾਲਾ ਲਗਾਉਣਾ ਵਿਦਿਆਰਥੀ ਦੀ ਨਿੱਜੀ ਜ਼ਿੰਮੇਵਾਰੀ ਹੈ।

17 ਕਾਲਜ ਅਤੇ ਹੋਸਟਲ ਦੀਆਂ ਦੀਵਾਰਾਂ ਉੱਤੇ ਕਿਸੇ ਤਰ੍ਹਾਂ ਦਾ ਪੋਸਟਰ ਲਗਾਉਣ ਦੀ ਮਨਾਹੀ ਹੈ।

ਜੇਕਰ ਕੋਈ ਵੀ ਵਿਦਿਆਰਥੀ ਕਾਲਜ ਵਿੱਚ ਜਾਂ ਆਪਣੇ ਕਲਾਸ ਰੂਮ ਵਿੱਚ ਕੋਈ ਨੁਕਸਾਨ ਕਰੇਗਾ ਤਾਂ ਉਸ ਦੀ ਰਿਪੋਰਟ ਜਮਾਤ ਦੇ ਵਿਦਿਆਰਥੀ ਟਿਊਟਰ ਨੂੰ ਕਰਨਗੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨੁਕਸਾਨ ਦਾ ਹਰਜਾਨਾ ਅਤੇ ਜੁਰਮਾਨਾ ਸਾਰੀ ਜਮਾਤ ਤੋਂ ਵਸੂਲ ਕੀਤਾ ਜਾਵੇਗਾ।

ਉਪਰੋਕਤ ਹਾਲਤਾਂ ਵਿੱਚ ਕਾਲਜ ਵਿੱਚੋਂ ਵਿਦਿਆਰਥੀ ਨੂੰ ਕੱਢਣ ਜਾਂ ਹੋਰ ਸਜ਼ਾ ਦੇਣ ਸੰਬੰਧੀ ਅੰਤਿਮ ਫ਼ੈਸਲਾ ਪ੍ਰਿੰਸੀਪਲ ਅਤੇ ਕਾਲਜ ਕਾਊਂਸਲ ਦਾ ਹੋਵੇਗਾ।

**ਨੋਟ:**

1 ਪ੍ਰਿੰਸੀਪਲ ਸਾਹਿਬ ਦੀ ਮਨਜ਼ੂਰੀ ਤੋਂ ਬਿਨ੍ਹਾਂ ਵਿਦਿਆਰਥੀ ਕਾਲਜ/ਹੋਸਟਲ ਕੈਂਪਸ ਵਿੱਚ ਕੋਈ ਸਮਾਗਮ ਜਾਂ ਮੀਟਿੰਗ ਨਹੀਂ ਕਰ ਸਕਦੇ।

2 ਪ੍ਰਿੰਸੀਪਲ ਜਾਂ ਸਟਾਫ਼ ਮੈਂਬਰਜ਼ ਵੱਲੋਂ ਜੇ ਕਿਸੇ ਵੀ ਵਿਦਿਆਰਥੀ ਨੂੰ ਸੱਭਿਆਚਾਰਕ ਸਰਗਰਮੀਆਂ ਵਿੱਚ ਭਾਗ ਲੈਣ ਲਈ ਜਾਂ ਕਾਲਜ ਦੇ ਕਿਸੇ ਹੋਰ ਕੰਮ ਲਈ ਡਿਊਟੀ ਦਿੱਤੀ ਜਾਂਦੀ ਹੈ ਤਾਂ ਉਸਨੂੰ ਲਾਜ਼ਮੀ ਤੌਰ ’ਤੇ ਉਹ ਡਿਊਟੀ ਨਿਭਾਉਣੀ ਪਵੇਗੀ। ਜਾਣ ਬੁੱਝ ਕੇ ਨਾਂਹ ਕਰਨ ਵਾਲੇ ਵਿਦਿਆਰਥੀ ਦੇ ਖਿਲਾਫ਼ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾ ਸਕਦੀ ਹੈ।

## ਹੋਸਟਲ (Hostel)

ਲੜਕੀਆਂ ਅਤੇ ਲੜਕਿਆਂ ਵਾਸਤੇ ਵੱਖੋ-ਵੱਖਰੀਆਂ ਹੋਸਟਲ ਸੇਵਾਵਾਂ ਉਪਲਬਧ ਹਨ। ਹੋਸਟਲ ਵਿੱਚ ਦਾਖ਼ਲੇ ਦੀਆਂ ਸ਼ਰਤਾਂ ਦਾ ਹੈਂਡ-ਆਊਟ (Hand-Out) ਆਪ ਨੂੰ ਹੋਸਟਲ ਵੱਲੋਂ ਦਿੱਤਾ ਜਾਵੇਗਾ। ਇਹ ਵਿਦਿਆਰਥੀਆਂ ਦੀ ਜਾਣਕਾਰੀ ਹਿੱਤ ਹੈ ਕਿ ਉਸ ਤੋਂ ਘੱਟੋ ਘੱਟ 15 ਦਿਨ ਦਾ ਮੈਸ ਦਾ ਖ਼ਰਚਾ ਵਸੂਲ ਕੀਤਾ ਜਾਵੇਗਾ, ਭਾਵੇਂ ਆਪ ਨੇ ਮੈਸ ਸੇਵਾ ਲਈ ਹੈ ਜਾਂ ਨਹੀਂ। ਵਿਸ਼ੇਸ਼ ਹਾਲਤਾਂ ਵਿੱਚ ਵਾਰਡਨ ਦੀ ਸਿਫ਼ਾਰਸ਼ ’ਤੇ ਆਰਜ਼ੀ ਤੌਰ ’ਤੇ ਛੋਟ ਦਿੱਤੀ ਜਾ ਸਕਦੀ ਹੈ। ਹੋਸਟਲ ਵਿੱਚ ਗਰਮ ਪਾਣੀ, ਫ਼ਰਨੀਚਰ ਅਤੇ ਮਨੋਰੰਜਨ ਦੇ ਸਾਧਨਾਂ ਦੀ ਸੁਵਿਧਾ ਉਪਲਬਧ ਹੈ। ਹੋਸਟਲ ਸਿਕਿਊਰਿਟੀ ਹੋਸਟਲ ਛੱਡਣ ’ਤੇ ‘ਨੋ ਡਿਊਜ਼’ ਉਪਰੰਤ ਵਾਪਸ ਕੀਤੀ ਜਾਵੇਗੀ।

## ਲਾਇਬ੍ਰੇਰੀ (Library)

ਕਾਲਜ ਦੀ ਲਾਇਬ੍ਰੇਰੀ ਸੂਚਨਾ ਅਤੇ ਗਿਆਨ ਦਾ ਸੋਮਾ ਹੈ। ਲਾਇਬ੍ਰੇਰੀ ਵਿੱਚ ਫਿਲਾਸਫ਼ੀ, ਧਰਮ, ਇਤਿਹਾਸ, ਮਨੋ-ਵਿਗਿਆਨ, ਸਿੱਖਿਆ, ਅਧਿਆਪਨ ਵਿਧੀਆਂ ਅਤੇ ਸਾਹਿਤ ਆਦਿ ਵਿਸ਼ਿਆਂ ਤੇ ਲਗਭਗ 40,530 ਪੁਸਤਕਾਂ ਮੌਜੂਦ ਹਨ। ਲਾਇਬ੍ਰੇਰੀ ਵਿੱਚ ਸਿੱਖਿਆ ਅਤੇ ਗਿਆਨ ਦੇ ਵਿਸ਼ੇ ਨਾਲ ਸੰਬੰਧਿਤ 36 ਰਸਾਲੇ ਅਤੇ 10 ਅਖ਼ਬਾਰਾਂ ਮੰਗਵਾਈਆਂ ਜਾਂਦੀਆਂ ਹਨ। ਲਾਇਬ੍ਰੇਰੀ ਦੇ ਰੈਫਰੈਂਸ ਸੈਕਸ਼ਨ ਵਿੱਚ ਕੁੱਲ 2175 ਪੁਸਤਕਾਂ ਹਨ, ਜਿਸ ਵਿੱਚ 100 ਤੋਂ ਵੱਧ ਇਨਸਾਇਕਲੋਪੀਡੀਆ, ਡਿਕਸ਼ਨਰੀਆਂ, ਗਿਆਨ ਅਤੇ ਕੰਪੀਟੀਸ਼ਨ ਦੀਆਂ ਪੁਸਤਕਾਂ ਅਤੇ 350 ਐਮ.ਐਡ. ਦੇ ਡਿਜ਼ਰਟੇਸ਼ਨ ਮੌਜੂਦ ਹਨ। ਆਧੁਨਿਕ ਤਕਨੀਕਾਂ ਅਨੁਸਾਰ ਲਾਇਬ੍ਰੇਰੀ ਦਾ ਕੰਪਿਊਟਰੀਕਰਨ ਕੀਤਾ ਗਿਆ ਹੈ। ਯੂ.ਜੀ.ਸੀ. ਇਨਫੋਨੈਟ ਦੇ ਐਨ-ਲਿਸਟ (N-List) ਪ੍ਰੋਗਰਾਮ ਤਹਿਤ ਲਾਇਬ੍ਰੇਰੀ ਵਿੱਚ 31,39,309 ਤੋਂ ਵੱਧ ਈ-ਬੁਕਸ ਅਤੇ 6094 ਤੋਂ ਵੱਧ ਈ-ਜਰਨਲਜ਼ ਦੀ ਐਕਸੈਸ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਮੌਜੂਦ ਹੈ। ਲਾਇਬ੍ਰੇਰੀ ਵਿੱਚ ਬੁੱਕ-ਬੈਂਕ ਅਤੇ ਇੰਟਰਨੈਟ ਦੀ ਮੁਫ਼ਤ ਸੇਵਾ ਉਪਲਬਧ ਹੈ। ਲਾਇਬ੍ਰੇਰੀ-ਕਮ-ਸ਼ਨਾਖਤੀ ਕਾਰਡ ਜਾਰੀ ਕਰਵਾਉਣ ਲਈ ਵਿਦਿਆਰਥੀਆਂ

ਨੇ ਆਪਣੇ ਬਾਰੇ ਸੂਚਨਾ ਇਸ ਵਿੱਚ ਭਰਨੀ ਹੈ ਅਤੇ ਫੋਟੋ ਪੇਸਟ ਕਰਨ ਉਪਰੰਤ ਲਾਇਬ੍ਰੇਰੀ ਵਿੱਚ ਜਮ੍ਹਾਂ ਕਰਵਾਈ ਜਾਣੀ ਹੈ। ਪ੍ਰਿੰਸੀਪਲ ਦੁਆਰਾ ਤਸਦੀਕ ਹੋਣ ਉਪਰੰਤ ਵਿਦਿਆਰਥੀ ਸ਼ਨਾਖਤੀ ਕਾਰਡ ਨੂੰ ਲਾਇਬ੍ਰੇਰੀ ਵਿੱਚ ਪੁਸਤਕਾਂ ਲੈਣ ਲਈ ਵਰਤ ਸਕਦੇ ਹਨ। ਲਾਇਬ੍ਰੇਰੀ ਨਿਯਮਾਂ ਸੰਬੰਧੀ ਲਾਇਬ੍ਰੇਰੀ-ਕਮ-ਸ਼ਨਾਖਤੀ ਕਾਰਡ ਵਿੱਚ ਵਿਸਥਾਰ ਨਾਲ ਲਿਖਿਆ ਗਿਆ ਹੈ ਜਿਸ ਨੂੰ ਵਿਦਿਆਰਥੀ ਜ਼ਰੂਰੀ ਪੜ੍ਹਨ। ਕਾਲਜ ਵਿੱਚ ਵਿਦਿਆਰਥੀ ਕੋਲ ਸ਼ਨਾਖਤੀ ਕਾਰਡ ਦਾ ਹਰ ਸਮੇਂ ਹੋਣਾ ਲਾਜ਼ਮੀ ਹੈ।

## ਲਾਇਬ੍ਰੇਰੀ ਕਾਰਡ (Library Card)

ਕਾਲਜ ਦਾਖ਼ਲੇ ਦੌਰਾਨ ਹਰ ਵਿਦਿਆਰਥੀ ਨੂੰ ਫੋਟੋ ਲੱਗਿਆ ਲਾਇਬ੍ਰੇਰੀ ਕਾਰਡ ਦਿੱਤਾ ਜਾਵੇਗਾ। ਕਾਰਡ ਗੁੰਮ ਹੋਣ ਦੀ ਸੂਰਤ ਵਿੱਚ ਇਸ ਦੀ ਰਿਪੋਰਟ ਤਰੰਤ ਨਜ਼ਦੀਕੀ ਪੁਲਿਸ ਸਟੇਸ਼ਨ ਵਿੱਚ ਦਰਜ ਕਰਵਾਉਣੀ ਜ਼ਰੂਰੀ ਹੋਵੇਗੀ। ਇਸ ਰਿਪੋਰਟ ਦੀ ਕਾਪੀ ਜਮ੍ਹਾਂ ਕਰਵਾਉਣ ਅਤੇ ਜੁਰਮਾਨਾ ਅਦਾ ਕਰਨ 'ਤੇ ਹੀ ਨਵਾਂ ਕਾਰਡ ਜਾਰੀ ਕੀਤਾ ਜਾਵੇਗਾ।

## ਬੁੱਕ ਬੈਂਕ ਸੁਵਿਧਾ (Book Bank Facility)

ਕਾਲਜ ਲਾਇਬ੍ਰੇਰੀ ਵਿੱਚ ਬੁੱਕ ਬੈਂਕ ਦੀ ਸੁਵਿਧਾ ਵੀ ਉਪਲਬਧ ਹੈ ਜਿਸ ਵਿਚੋਂ ਲੋੜਵੰਦ ਵਿਦਿਆਰਥੀਆਂ ਨੂੰ ਪੂਰੇ ਸੈਸ਼ਨ ਲਈ ਪੁਸਤਕਾਂ ਜਾਰੀ ਕੀਤੀਆਂ ਜਾਂਦੀਆਂ ਹਨ। ਐਸ.ਸੀ., ਬੀ.ਸੀ., ਫਿਜ਼ੀਕਲੀ ਹੈਂਡੀਕੈਪਡ ਅਤੇ ਆਰਥਿਕ ਪੱਖੋਂ ਮੰਦਹਾਲੀ ਵਾਲੇ ਵਿਦਿਆਰਥੀਆਂ ਨੂੰ ਪਹਿਲ ਦੇ ਆਧਾਰ 'ਤੇ ਪੁਸਤਕਾਂ ਦਿੱਤੀਆਂ ਜਾਂਦੀਆਂ ਹਨ।

## ਕੰਪਿਊਟਰ ਲੈਬ (Computer Lab)

ਕਾਲਜ ਵਿੱਚ ਬੀ.ਐਡ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਅਤੇ ਐਮ.ਐਡ. ਦੇ ਡਿਜ਼ਰਟੇਸ਼ਨ ਕੰਮ ਲਈ ਦੋ ਅਤੇ ਵਾਤਾਵਰਣ ਅਨੁਕੂਲਿਤ ਲੈਬਜ਼ ਹਨ। ਕੰਪਿਊਟਰ ਲੈਬ/ਲੈਂਗੂਏਂਜ ਲੈਬ ਵਿੱਚ ਐਲ.ਸੀ.ਡੀ. ਪ੍ਰੋਜੈਕਟਰ ਅਤੇ ਲੈਪਟਾਪ ਹਨ। ਲਾਇਬ੍ਰੇਰੀ ਕੰਪਿਊਟਰਾਈਜ਼ਡ ਹੈ। ਮਾਪੇ-ਅਧਿਆਪਕ ਐਸੋਸੀਏਸ਼ਨ (P.T.A)

ਵਿਦਿਆਰਥੀਆਂ ਦੀ ਲਗਾਤਾਰ ਤਰੱਕੀ ਬਾਰੇ ਜਾਣਕਾਰੀ ਦੇਣ ਲਈ ਮਾਪੇ-ਅਧਿਆਪਕ ਐਸੋਸੀਏਸ਼ਨ ਬਣਾਈ ਗਈ ਹੈ, ਜਿਸ ਵਿੱਚ ਮਾਪੇ ਅਤੇ ਅਧਿਆਪਕ ਸਮੇਂ ਸਿਰ ਇਕੱਠੇ ਬੈਠ ਕੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕਰਦੇ ਹਨ। ਕਾਲਜ ਦੇ ਪ੍ਰਿੰਸੀਪਲ ਇਸ ਸੰਸਥਾ ਦੇ ਪ੍ਰਧਾਨ ਹਨ। ਇਸ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਚੋਣ ਹਰ ਸਾਲ ਜਨਰਲ ਹਾਊਸ ਦੀ ਮੀਟਿੰਗ ਵਿੱਚ ਹੁੰਦੀ ਹੈ। ਮਾਪਿਆਂ ਵਿੱਚੋਂ ਚੋਣ ਰਾਹੀਂ ਸੀਨੀਅਰ ਮੀਤ ਪ੍ਰਧਾਨ, ਸਕੱਤਰ ਅਤੇ ਹੋਰ

ਕਾਰਕਾਰੀ ਮੈਂਬਰ ਚੁਣੇ ਜਾਂਦੇ ਹਨ। ਸੈਸ਼ਨ 2026-2027 ਲਈ ਮਾਪੇ-ਅਧਿਆਪਕ ਐਸੋਸੀਏਸ਼ਨ ਦੇ ਜਨਰਲ ਹਾਊਸ ਦੀ ਮੀਟਿੰਗ ਅਗਸਤ ਮਹੀਨੇ ਵਿੱਚ ਪ੍ਰਿੰਸੀਪਲ ਸਾਹਿਬ ਦੀ ਪ੍ਰਧਾਨਗੀ ਹੇਠ ਕਾਲਜ ਵਿਖੇ ਹੋਵੇਗੀ, ਜਿਸ ਵਿੱਚ ਸ਼ਾਮਲ ਹੋਣ ਲਈ ਕਾਲਜ ਦੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਸੱਦਾ ਦਿੱਤਾ ਜਾਂਦਾ ਹੈ। ਸਾਨੂੰ ਪੂਰੀ ਉਮੀਦ ਹੈ ਕਿ ਮਾਪੇ ਆਪਣਾ ਕੀਮਤੀ ਸਮਾਂ ਕੱਢ ਕੇ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਭਲਾਈ ਲਈ ਲੋੜੀਂਦੇ ਕੰਮ ਕਰਵਾਉਣ ਹਿੱਤ ਆਪਣੇ ਵੱਡਮੁੱਲੇ ਸੁਝਾਅ ਦੇਣ ਲਈ ਇਸ ਮੀਟਿੰਗ ਵਿੱਚ ਜ਼ਰੂਰ ਸ਼ਾਮਲ ਹੋਣਗੇ।

## ਸਟੇਟ ਕਾਲਜ ਐਲੂਮਨਾਈ ਐਸੋਸੀਏਸ਼ਨ (State College Alumni Association)

ਕਾਲਜ ਵੱਲੋਂ ਉਪਰੋਕਤ ਨਾਮ ਦੀ ਸੰਸਥਾ ਬਣਾਈ ਗਈ ਹੈ ਜਿਸ ਵਿੱਚ ਪੁਰਾਣੇ ਵਿਦਿਆਰਥੀ ਅਤੇ ਫ਼ੈਕਲਟੀ ਮੈਂਬਰਜ਼ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਐਸੋਸੀਏਸ਼ਨ ਵੱਲੋਂ ਇਕੱਤਰ ਕੀਤੀ ਗਈ ਰਾਸ਼ੀ ਵਿਦਿਆਰਥੀਆਂ ਅਤੇ ਸੰਸਥਾ ਦੀ ਭਲਾਈ ਅਤੇ ਬੇਹਤਰੀ ਲਈ ਖ਼ਰਚ ਕੀਤੀ ਜਾਂਦੀ ਹੈ।

## ਵਿਦਿਆਰਥੀ ਸਭਾਵਾਂ ਅਤੇ ਕਲੱਬ (Student Societies & Clubs)

### ਯੂਥ ਕਲੱਬ (Youth Club)

ਯੂਥ ਕਲੱਬ ਦਾ ਮੰਤਵ ਵਿਦਿਆਰਥੀਆਂ ਵਿੱਚ ਭਾਸ਼ਣ ਕਲਾ ਅਤੇ ਕਲਾਤਮਕ ਰੁਚੀਆਂ ਨੂੰ ਪ੍ਰਫੁੱਲਤ ਕਰਨਾ ਹੈ। ਇਹ ਵੱਖ-ਵੱਖ ਭਾਸ਼ਾਵਾਂ ਵਿੱਚ ਅੰਤਰ ਕਲਾਸ/ਕਾਲਜ ਦੇ ਪੱਧਰ 'ਤੇ ਡੀਬੇਟਸ, ਭਾਸ਼ਣ ਅਤੇ ਸਿੰਮਪੋਜੀਆ ਆਦਿ ਪ੍ਰਤੀਯੋਗਤਾਵਾਂ ਦਾ ਆਯੋਜਨ ਕਰਦੀ ਹੈ।

### ਸਾਹਿਤਕ ਸੁਸਾਇਟੀ (Literary Society)

ਇਸ ਸੁਸਾਇਟੀ ਦਾ ਮੰਤਵ ਗਿੱਧਾ, ਭੰਗੜਾ, ਸਕਿੱਟ, ਇਕਾਂਗੀ, ਕਾਵਿ-ਉਚਾਰਣ ਆਦਿ ਪ੍ਰਤੀਯੋਗਤਾਵਾਂ ਦਾ ਆਯੋਜਨ ਕਰਨਾ ਹੈ। ਇਸ ਸੁਸਾਇਟੀ ਦਾ ਮੰਤਵ ਰਾਸ਼ਟਰੀ/ਅੰਤਰ-ਰਾਸ਼ਟਰੀ ਦਿਵਸ ਅਤੇ ਗੁਰੂ ਸਾਹਿਬਾਨ ਦੇ ਜਨਮ ਦਿਵਸ ਮਨਾਉਣਾ ਵੀ ਹੈ।

### ਕੌਮੀ ਸੇਵਾ ਯੋਜਨਾ (N.S.S.)

